
People's Herald

Rs- 160/month

People's Herald



# "ਇਕੁਐਲਿਟੀ ਐਂਡ ਜਸਟਿਸ"



https://www.facebook.com/profile.php?id=161037521061610

ਪਟਿਆਲਾ

"Equality and Justice"

स्वतंत्रता, समानता, भाईचारा

PATIALA On line paper 08 ਨਵੰਬਰ 2025 ਸਨਿੱਚਰਵਾਰ "ਰੋਜ਼ਾਨਾ" ਚੌਥਾ ਸਾਲ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ

(Google pay91-9463601616 HARDIP SINGH STATE BANK OF INDIA ACCT NO-10566643658 . IFSC- SBIN0050773



## ਦੇਸ਼ ਦੀ ਮੌਜੂਦਾ ਸਥਿਤੀ ਬ੍ਰਿਟਿਸ਼ ਰਾਜ ਵਰਗੀ ਹੈ : ਪ੍ਰਿਯੰਕਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 07 ਨਵੰਬਰ INTERNATIONAL PAPER, 94636 01616 hardipchumber57@gmail.com

ਬੇਤੀਆ (ਬਿਹਾਰ) : ਕਾਂਗਰਸ ਨੇਤਾ ਪ੍ਰਿਯੰਕਾ ਗਾਂਧੀ ਵਾਡਰਾ ਨੇ ਬੁਧਵਾਰ ਨੂੰ ਕਿਹਾ ਕਿ ਦੇਸ਼ ਦੀ ਮੌਜੂਦਾ ਸਥਿਤੀ ਬ੍ਰਿਟਿਸ਼ ਰਾਜ ਵਰਗੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਐਨ.ਡੀ.ਏ. ਬਿਹਾਰ 'ਚ ਵੋਟ ਚੋਰੀ ਰਾਹੀਂ ਸਰਕਾਰ ਬਣਾਉਣਾ ਚਾਹੁੰਦੀ ਹੈ ਅਤੇ ਦਾਅਵਾ ਕੀਤਾ ਕਿ ਸਰ ਰਾਹੀਂ ਔਰਤਾਂ ਸਮੇਤ 65 ਲੱਖ ਲੋਕਾਂ ਦੇ ਨਾਮ ਵੋਟਰ ਸੂਚੀਆਂ ਤੋਂ ਹਟਾ ਦਿਤੇ ਗਏ ਹਨ।

ਉਨ੍ਹਾਂ ਦੋਸ਼ ਲਾਇਆ ਕਿ ਐਨ.ਡੀ.ਏ. ਵੋਟਾਂ ਦੀ ਚੋਰੀ ਕਰ ਰਹੀ ਹੈ ਕਿਉਂਕਿ ਉਹ ਇਸ ਤੱਥ ਤੋਂ ਜਾਣੂ ਹੈ ਕਿ ਲੋਕ ਇਸ ਦੇ 20 ਸਾਲਾਂ ਦੇ ਸ਼ਾਸਨ ਤੋਂ ਤੰਗ ਆ ਚੁਕੇ ਹਨ।

ਪਛਮੀ ਚੰਪਾਰਨ ਜ਼ਿਲ੍ਹੇ ਦੇ ਵਾਲਮੀਕਿ ਨਗਰ ਅਤੇ ਚਨਪਤੀਆ ਵਿਚ ਲਗਾਤਾਰ ਰੈਲੀਆਂ ਨੂੰ ਸੰਬੋਧਨ ਕਰਦਿਆਂ ਕਾਂਗਰਸ ਜਨਰਲ ਸਕੱਤਰ ਨੇ ਦਾਅਵਾ ਕੀਤਾ ਕਿ ਦੇਸ਼ ਦੀ ਮੌਜੂਦਾ ਸਥਿਤੀ ਬ੍ਰਿਟਿਸ਼ ਰਾਜ ਵਰਗੀ ਹੈ ਅਤੇ ਸ਼ੱਕ ਪ੍ਰਗਟਾਇਆ ਕਿ ਕੀ ਦੇਸ਼ ਵਿਚ ਭਵਿੱਖ ਵਿਚ ਚੋਣਾਂ ਹੁੰਦੀਆਂ ਰਹਿਣਗੀਆਂ? ਵਾਡਰਾ ਨੇ ਰੈਲੀ ਵਿਚ ਸ਼ਾਮਲ ਲੋਕਾਂ ਨੂੰ ਕਿਹਾ, ''ਮੇਰੇ ਭਰਾ ਰਾਹੁਲ ਨੇ ਅੱਜ ਹਰਿਆਣਾ 'ਚ ਵੋਟਾਂ ਦੀ ਚੋਰੀ ਦਾ ਹਿਸਾਬ ਦਿਤਾ। ਐਨ.ਡੀ.ਏ. ਸੱਭ ਕੁੱਝ ਤਬਾਹ ਕਰ ਦੇਵੇਗਾ। ਇਹ ਸਪੱਸ਼ਟ ਨਹੀਂ ਹੈ ਕਿ ਭਵਿੱਖ ਵਿਚ ਚੋਣਾਂ ਹੋਣਗੀਆਂ ਜਾਂ ਨਹੀਂ। ਤੁਸੀਂ ਚੁੱਪ ਕਿਉਂ ਹੋ? ਉਨ੍ਹਾਂ ਨੂੰ ਸੱਤਾ ਤੋਂ ਬਾਹਰ ਕੱਢੋ।''

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉਤੇ ਨਿਸ਼ਾਨਾ ਵਿੰਨ੍ਹਦਿਆਂ ਪ੍ਰਿਯੰਕਾ ਨੇ ਕਿਹਾ ਕਿ ਉਹ ਅਪਰਾਧ ਅਤੇ ਭ੍ਰਿਸ਼ਟਾਚਾਰ ਨੂੰ ਕਾਬੂ ਕਰਨ ਅਤੇ ਨੌਜੁਆਨਾਂ ਨੂੰ ਸਿੱਖਿਅਤ ਕਰਨ ਦੀ ਬਜਾਏ ਕਾਂਗਰਸ ਦੇ ਪੋਸਟਰ ਤੋਂ ਆਰ.ਜੇ.ਡੀ. ਨੇਤਾ ਤੇਜਸਵੀ ਯਾਦਵ ਦੀ ਤਸਵੀਰ ਦੀ ਗੈਰਹਾਜ਼ਰੀ ਬਾਰੇ ਵਧੇਰੇ ਚਿੰਤਤ ਜਾਪਦੇ ਹਨ, ਜਦਕਿ ਮੋਦੀ ਖੁਦ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਸਿਆਸੀ ਰੈਲੀਆਂ ਦੇ ਮੰਚਾਂ ਉਤੇ ਅਪਣੇ ਨਾਲ ਨਹੀਂ ਰਖਦੇ।



ਕਾਂਗਰਸੀ ਨੇਤਾ ਨੇ ਕਿਹਾ ਕਿ ਜੇ 'ਇੰਡੀਆ' ਗਠਜੋੜ ਸੱਤਾ ਵਿਚ ਆਉਂਦਾ ਹੈ ਤਾਂ ਬਿਹਾਰ ਦੇ ਲੋਕਾਂ ਨੂੰ 25 ਲੱਖ ਰੁਪਏ ਤਕ ਦਾ ਮੁਫਤ ਇਲਾਜ ਮਿਲੇਗਾ। ਉਨ੍ਹਾਂ ਕਿਹਾ, ''ਅਸੀਂ ਹਰ ਗਰੀਬ ਪਰਵਾਰ ਨੂੰ ਘੱਟੋ-ਘੱਟ ਇਕ ਸਰਕਾਰੀ ਨੌਕਰੀ ਦੇਣ ਦੀ ਪੂਰੀ ਕੋਸ਼ਿਸ਼ ਕਰਾਂਗੇ। ਅਸੀਂ ਵੱਖ-ਵੱਖ ਵਿਭਾਗਾਂ 'ਚ ਲੱਖਾਂ ਅਸਾਮੀਆਂ ਭਰਾਂਗੇ।''

## ਕਿਸੇ ਵਿਅਕਤੀ ਨੂੰ ਗ੍ਰਿਫ਼ਤਾਰ ਕਰਨ ਤੋਂ ਪਹਿਲਾਂ ਪੁਲਿਸ ਲਿਖਤੀ ਰੂਪ 'ਚ ਕਾਰਨ ਦੱਸੇ, ਸੁਪਰੀਮ ਕੋਰਟ ਦਾ ਅਹਿਮ ਫ਼ੈਸਲਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 07 ਨਵੰਬਰ INTERNATIONAL PAPER, 94636 01616 hardipchumber57@gmail.com

ਸੁਪਰੀਮ ਕੋਰਟ ਨੇ ਕਿਹਾ ਹੈ ਕਿ ਜਦੋਂ ਵੀ ਕਿਸੇ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਜਾਂਦਾ ਹੈ ਤਾਂ ਪੁਲਿਸ ਨੂੰ ਲਿਖਤੀ ਰੂਪ ਵਿੱਚ ਦੱਸਣਾ ਚਾਹੀਦਾ ਹੈ ਕਿ ਉਸਨੂੰ ਗ੍ਰਿਫ਼ਤਾਰ ਕਿਉਂ ਕੀਤਾ ਗਿਆ ਹੈ। ਇਹ ਜਾਣਕਾਰੀ ਉਸ ਭਾਸ਼ਾ ਵਿੱਚ ਦਿੱਤੀ ਜਾਣੀ ਚਾਹੀਦੀ ਹੈ ਜਿਸਨੂੰ ਉਹ ਸਮਝਦਾ ਹੈ। ਅਦਾਲਤ ਨੇ ਕਿਹਾ ਕਿ ਇਹ ਨਿਯਮ ਹਰ ਹਾਲਤ ਵਿੱਚ ਲਾਗੂ ਹੋਣਾ ਚਾਹੀਦਾ ਹੈ, ਭਾਵੇਂ ਕੋਈ ਵੀ ਅਪਰਾਧ ਹੋਵੇ ਜਾਂ ਕਾਨੂੰਨ।

ਅਦਾਲਤ ਨੇ ਕਿਹਾ ਕਿ ਜੇਕਰ ਗ੍ਰਿਫ਼ਤਾਰੀ ਤੋਂ ਪਹਿਲਾਂ ਜਾਂ ਤੁਰੰਤ ਬਾਅਦ ਲਿਖਤੀ ਕਾਰਨ ਨਹੀਂ ਦਿੱਤਾ ਜਾਂਦਾ ਹੈ, ਤਾਂ ਗ੍ਰਿਫ਼ਤਾਰੀ ਰੱਦ ਨਹੀਂ ਹੋਵੇਗੀ। ਹਾਲਾਂਕਿ, ਇਹ ਜ਼ਰੂਰੀ ਹੈ ਕਿ ਗ੍ਰਿਫ਼ਤਾਰ ਵਿਅਕਤੀ ਨੂੰ ਵਾਜਬ ਸਮੇਂ ਦੇ ਅੰਦਰ, ਜਾਂ ਰਿਮਾਂਡ ਲਈ ਮੈਜਿਸਟ੍ਰੇਟ ਦੇ ਸਾਹਮਣੇ ਪੇਸ਼ ਕੀਤੇ ਜਾਣ ਤੋਂ ਘੱਟੋ-ਘੱਟ ਦੋ ਘੰਟੇ ਪਹਿਲਾਂ ਲਿਖਤੀ ਜਾਣਕਾਰੀ ਪ੍ਰਦਾਨ ਕੀਤੀ ਜਾਵੇ। ਜੇਕਰ ਇਸ ਨਿਯਮ ਦੀ ਪਾਲਣਾ ਨਹੀਂ ਕੀਤੀ ਜਾਂਦੀ ਤਾਂ ਗ੍ਰਿਫ਼ਤਾਰੀ ਅਤੇ ਬਾਅਦ ਦਾ ਰਿਮਾਂਡ ਦੋਵਾਂ ਨੂੰ ਗੈਰ-ਕਾਨੂੰਨੀ ਮੰਨਿਆ ਜਾਵੇਗਾ ਅਤੇ ਵਿਅਕਤੀ ਨੂੰ ਰਿਹਾਅ ਕੀਤਾ ਜਾ ਸਕਦਾ ਹੈ।



ਸੁਪਰੀਮ ਕੋਰਟ ਨੇ ਨਿਰਦੇਸ਼ ਦਿੱਤਾ ਕਿ ਇਸ ਫੈਸਲੇ ਦੀ ਇੱਕ ਕਾਪੀ ਸਾਰੀਆਂ ਹਾਈ ਕੋਰਟਾਂ ਅਤੇ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਮੁੱਖ ਸਕੱਤਰਾਂ ਨੂੰ ਭੇਜੀ ਜਾਵੇ। ਸੀਜੇਆਈ ਬੀਆਰ ਗਵਈ ਅਤੇ ਜਸਟਿਸ ਏਜੇ ਮਸੀਹ ਦੀ ਬੈਂਚ ਨੇ ਜੁਲਾਈ 2024 ਵਿੱਚ ਮੁੰਬਈ ਵਿੱਚ ਵਾਪਰੇ ਇੱਕ ਬੀਐਮਡਬਲਯੂ ਹਿੱਟ-ਐਂਡ-ਰਨ ਹਾਦਸੇ ਨਾਲ ਸਬੰਧਤ ਇੱਕ ਮਾਮਲੇ ਵਿੱਚ ਇਹ ਫੈਸਲਾ ਸੁਣਾਇਆ।

### ਨਿਆਂਇਕ ਬੈਂਚ ਅਤੇ ਕੇਸ ਸੰਦਰਭ

ਇਹ ਮਹੱਤਵਪੂਰਨ ਫੈਸਲਾ ਇੱਕ ਖਾਸ ਕੇਸ ਦੀ ਸੁਣਵਾਈ ਦੌਰਾਨ ਆਇਆ, ਜਿਸ ਨੇ ਇਸ ਪ੍ਰਕਿਰਿਆਤਮਕ ਸੁਰੱਖਿਆ ਦੀ ਜ਼ਰੂਰਤ ਨੂੰ ਉਜਾਗਰ ਕੀਤਾ।

* ਨਿਆਂਇਕ ਬੈਂਚ: ਇਹ ਫੈਸਲਾ ਚੀਫ਼ ਜਸਟਿਸ ਬੀ.ਆਰ. ਗਵਈ ਅਤੇ ਜਸਟਿਸ ਏ.ਜੇ. ਮਸੀਹ ਦੀ ਬੈਂਚ ਦੁਆਰਾ ਦਿੱਤਾ ਗਿਆ ਸੀ।

* ਕੇਸ ਸੰਦਰਭ: ਇਹ ਨਿਰਦੇਸ਼ ਜੁਲਾਈ 2024 ਵਿੱਚ ਮੁੰਬਈ ਵਿੱਚ ਹੋਏ ਇੱਕ BMW ਹਿੱਟ-ਐਂਡ-ਰਨ ਹਾਦਸੇ ਨਾਲ ਸਬੰਧਤ ਇੱਕ ਕੇਸ ਦੀ ਸੁਣਵਾਈ ਦੌਰਾਨ ਜਾਰੀ ਕੀਤਾ ਗਿਆ ਸੀ।

### ਆਦੇਸ਼ ਦਾ ਪ੍ਰਸਾਰ ਅਤੇ ਲਾਗੂਕਰਨ

ਇਸ ਫੈਸਲੇ ਨੂੰ ਦੇਸ਼ ਭਰ ਵਿੱਚ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ, ਸੁਪਰੀਮ ਕੋਰਟ ਨੇ ਇਸਦੇ ਵਿਆਪਕ ਪ੍ਰਸਾਰ ਦਾ ਆਦੇਸ਼ ਦਿੱਤਾ ਹੈ।


* ਨਿਰਦੇਸ਼: ਅਦਾਲਤ ਨੇ ਨਿਰਦੇਸ਼ ਦਿੱਤਾ ਕਿ ਇਸ ਫੈਸਲੇ ਦੀ ਇੱਕ ਕਾਪੀ ਭਾਰਤ ਦੀਆਂ ਸਾਰੀਆਂ ਹਾਈ ਕੋਰਟਾਂ ਨੂੰ ਭੇਜੀ ਜਾਵੇ।

* ਪ੍ਰਬੰਧਕੀ ਨੋਟਿਸ: ਇਸ ਤੋਂ ਇਲਾਵਾ, ਪੁਲਿਸ ਬਲਾਂ ਦੁਆਰਾ ਪਾਲਣਾ ਨੂੰ ਯਕੀਨੀ ਬਣਾਉਣ ਲਈ ਫੈਸਲੇ ਦੀ ਇੱਕ ਕਾਪੀ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਮੁੱਖ ਸਕੱਤਰਾਂ ਨੂੰ ਭੇਜਣ ਦਾ ਆਦੇਸ਼ ਦਿੱਤਾ ਗਿਆ ਹੈ।

## ਸੀਬੀਆਈ ਨੇ ਪੰਜਾਬ ਦੇ ਸਾਬਕਾ ਡੀਜੀਪੀ ਮੁਹੰਮਦ ਮੁਸਤਫਾ, ਉਨ੍ਹਾਂ ਦੀ ਪਤਨੀ ਰਜ਼ੀਆ ਸੁਲਤਾਨਾ ਤੇ ਹੋਰਨਾਂ ਖਿਲਾਫ਼ ਐੱਫਆਈਆਰ ਦਰਜ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 07 ਨਵੰਬਰ INTERNATIONAL PAPER, 94636 01616 hardipchumber57@gmail.com

ਸੀਬੀਆਈ ਨੇ ਪੰਜਾਬ ਦੇ ਸਾਬਕਾ ਡੀਜੀਪੀ ਮੁਹੰਮਦ ਮੁਸਤਫਾ, ਉਨ੍ਹਾਂ ਦੀ ਪਤਨੀ ਰਜ਼ੀਆ ਸੁਲਤਾਨਾ ਤੇ ਹੋਰਨਾਂ ਖਿਲਾਫ਼ ਉਨ੍ਹਾਂ ਦੇ ਪੁੱਤਰ ਅਕੀਲ ਅਖ਼ਤਰ (35) ਦੇ ਕਤਲ ਕੇਸ ਵਿਚ ਐੱਫਆਈਆਰ ਦਰਜ ਕੀਤੀ ਹੈ। ਅਖ਼ਤਰ ਦੀ 16 ਅਕਤੂਬਰ ਨੂੰ ਹਰਿਆਣਾ ਦੇ ਪੰਚਕੂਲਾ ਵਿਚ ਸ਼ੱਕੀ ਹਾਲਾਤ 'ਚ ਮੌਤ ਹੋ ਗਈ ਸੀ। ਸ਼ੁੱਕਰਵਾਰ ਨੂੰ ਦਰਜ ਐੱਫਆਈਆਰ ਮੁਤਾਬਕ ਪੀੜਤ ਤੇ ਉਸ ਦੇ ਪਰਿਵਾਰ ਵਿਚਾਲੇ ਨਾਰਾਜ਼ਗੀ ਚੱਲ ਰਹੀ ਸੀ।



ਸੀਬੀਆਈ ਦੇ ਬੁਲਾਰੇ ਨੇ ਵੀਰਵਾਰ ਦੇਰ ਰਾਤ ਜਾਰੀ ਇਕ ਬਿਆਨ ਵਿਚ ਕਿਹਾ, ''"ਕੇਂਦਰੀ ਜਾਂਚ ਬਿਊਰੋ (ਸੀਬੀਆਈ) ਨੇ 6 ਨਵੰਬਰ ਨੂੰ ਅਕੀਲ ਅਖਤਰ ਕਤਲ ਮਾਮਲੇ ਵਿੱਚ ਐਫਆਈਆਰ ਦਰਜ ਕੀਤੀ ਹੈ। ਇਹ ਐਫਆਈਆਰ ਇਸ ਬਿਨਾਹ 'ਤੇ ਦਰਜ ਕੀਤੀ ਗਈ ਹੈ ਕਿ ਪੰਜਾਬ ਦੇ ਸਾਬਕਾ ਡੀਜੀਪੀ ਮੁਹੰਮਦ ਮੁਸਤਫਾ ਅਤੇ ਪੰਜਾਬ ਦੀ ਸਾਬਕਾ ਲੋਕ ਨਿਰਮਾਣ ਮੰਤਰੀ ਰਜ਼ੀਆ ਸੁਲਤਾਨਾ ਦੇ ਪੁੱਤਰ ਅਕੀਲ ਅਖਤਰ, ਜੋ ਪੰਚਕੂਲਾ ਦੇ ਮਨਸਾ ਦੇਵੀ ਮੰਦਰ ਨੇੜੇ ਸੈਕਟਰ 4 ਵਿੱਚ ਰਹਿੰਦਾ ਸੀ, ਦੀ 16 ਅਕਤੂਬਰ ਨੂੰ ਸ਼ੱਕੀ ਹਾਲਾਤ ਵਿੱਚ ਮੌਤ ਹੋ ਗਈ ਸੀ।''

ਬਿਆਨ ਵਿੱਚ ਕਿਹਾ ਗਿਆ ਹੈ ਕਿ ਸੀਬੀਆਈ ਨੇ ਮੁਸਤਫਾ ਤੇ ਸੁਲਤਾਨਾ ਤੋਂ ਇਲਾਵਾ ਅਖ਼ਤਰ ਦੀ ਪਤਨੀ ਅਤੇ ਭੈਣ ਵਿਰੁੱਧ ਕਤਲ ਅਤੇ ਅਪਰਾਧਿਕ ਸਾਜ਼ਿਸ਼ ਨਾਲ ਸਬੰਧਤ ਬੀਐੱਨਐੱਸ ਧਾਰਾਵਾਂ ਤਹਿਤ ਐੱਫਆਈਆਰ ਦਰਜ ਕੀਤੀ ਹੈ। ਏਜੰਸੀ ਨੇ ਕਿਹਾ ਕਿ ਅਖ਼ਤਰ ਨੇ 27 ਅਗਸਤ ਨੂੰ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਪੋਸਟ ਕੀਤਾ ਸੀ, ਜਿਸ ਵਿੱਚ ਦੋਸ਼ ਲਗਾਇਆ ਗਿਆ ਸੀ ਕਿ ਉਸ ਨੂੰ ਆਪਣੀ ਪਤਨੀ ਅਤੇ ਪਿਤਾ ਵਿਚਕਾਰ 'ਨਾਜਾਇਜ਼ ਸਬੰਧਾਂ' ਦਾ ਪਤਾ ਲੱਗਾ ਹੈ। ਅਖ਼ਤਰ ਨੇ ਪੋਸਟ ਵਿਚ ਅੱਗੇ ਕਿਹਾ ਕਿ ਉਸ ਦਾ ਪੂਰਾ ਪਰਿਵਾਰ, ਜਿਸ ਵਿੱਚ ਉਸ ਦੀ ਮਾਂ ਅਤੇ ਭੈਣ ਸ਼ਾਮਲ ਹਨ, ਉਸ ਨੂੰ ਮਾਰਨ ਜਾਂ ਝੂਠੇ ਮਾਮਲੇ ਵਿੱਚ ਫਸਾਉਣ ਦੀ ਸਾਜ਼ਿਸ਼ ਰਚ ਰਿਹਾ ਹੈ। ਕਾਬਿਲੇਗੌਰ ਹੈ ਪੰਚਕੂਲਾ ਪੁਲੀਸ ਨੇ ਸ਼ੁਰੂਆਤੀ ਤਫ਼ਤੀਸ਼ ਮਗਰੋਂ ਕੇਸ ਦਰਜ ਕੀਤਾ ਸੀ, ਪਰ ਫਿਰ ਹਰਿਆਣਾ ਦੀ ਨਾਇਬ ਸਿੰਘ ਸੈਣੀ ਸਰਕਾਰ ਨੇ ਜਾਂਚ ਸੀਬੀਆਈ ਨੂੰ ਸੌਂਪ ਦਿੱਤੀ ਸੀ।

## ਸਾਰੇ ਰਾਜ ਤੇ ਰਾਸ਼ਟਰੀ ਰਾਜਮਾਰਗਾਂ ਤੋਂ ਆਵਾਰਾ ਪਸ਼ੂਆਂ ਨੂੰ ਹਟਾਇਆ ਜਾਵੇ : ਸੁਪਰੀਮ ਕੋਰਟ

### ਆਵਾਰਾ ਕੁੱਤਿਆਂ ਨਾਲ ਨਜਿੱਠਣ ਲਈ ਹਸਪਤਾਲਾਂ, ਸਕੂਲਾਂ ਤੇ ਕਾਲਜ ਕੈਂਪਸਾਂ ਦੁਆਲੇ ਵਾੜ ਲਗਾਈ ਜਾਵੇ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 07 ਨਵੰਬਰ INTERNATIONAL PAPER, 94636 01616 hardipchumber57@gmail.com

ਸੁਪਰੀਮ ਕੋਰਟ ਨੇ ਅੱਜ ਸ਼ੁੱਕਰਵਾਰ ਨੂੰ ਆਵਾਰਾ ਕੁੱਤਿਆਂ ਨਾਲ ਸਬੰਧਤ ਇੱਕ ਮਾਮਲੇ ਵਿੱਚ ਕਿਹਾ ਕਿ ਰਾਜਸਥਾਨ ਹਾਈ ਕੋਰਟ ਦਾ ਫੈਸਲਾ ਦੇਸ਼ ਭਰ ਵਿੱਚ ਲਾਗੂ ਹੋਵੇਗਾ। ਸਾਰੇ ਰਾਜ ਅਤੇ ਰਾਸ਼ਟਰੀ ਰਾਜਮਾਰਗਾਂ ਤੋਂ ਆਵਾਰਾ ਪਸ਼ੂਆਂ ਨੂੰ ਹਟਾਇਆ ਜਾਵੇ। ਸਾਰੇ ਰਾਸ਼ਟਰੀ ਰਾਜਮਾਰਗਾਂ 'ਤੇ ਅਵਾਰਾ ਪਸ਼ੂਆਂ ਦੀ ਮੌਜੂਦਗੀ ਦੀ ਸੂਚਨਾ ਦੇਣ ਲਈ ਹੈਲਪਲਾਈਨ ਨੰਬਰ ਹੋਣਗੇ।




ਆਵਾਰਾ ਕੁੱਤਿਆਂ ਨਾਲ ਨਜਿੱਠਣ ਲਈ ਹਸਪਤਾਲਾਂ, ਸਕੂਲਾਂ ਅਤੇ ਕਾਲਜ ਕੈਂਪਸਾਂ ਦੇ ਆਲੇ-ਦੁਆਲੇ ਵਾੜ ਲਗਾਈ ਜਾਵੇ।

ਫੜੇ ਗਏ ਆਵਾਰਾ ਕੁੱਤਿਆਂ ਨੂੰ ਉਸੇ ਜਗ੍ਹਾ ਵਾਪਸ ਨਹੀਂ ਛੱਡਿਆ ਜਾਵੇਗਾ ਜਿੱਥੋਂ ਉਨ੍ਹਾਂ ਨੂੰ ਚੁੱਕਿਆ ਗਿਆ ਸੀ। ਇਸ ਮਾਮਲੇ ਦੀ ਸੁਣਵਾਈ ਜਸਟਿਸ ਵਿਕਰਮ ਨਾਥ, ਸੰਦੀਪ ਮਹਿਤਾ ਅਤੇ ਐਨਵੀ ਅੰਜਾਰੀਆ ਦੀ ਬੈਂਚ ਨੇ ਕੀਤੀ।

ਸੁਪਰੀਮ ਕੋਰਟ ਨੇ ਕਿਹਾ ਕਿ ਸਾਰੇ ਰਾਜਾਂ ਦੇ ਮੁੱਖ ਸਕੱਤਰ ਇਨ੍ਹਾਂ ਹੁਕਮਾਂ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਉਣਗੇ। ਤਿੰਨ ਹਫ਼ਤਿਆਂ ਦੇ ਅੰਦਰ ਇੱਕ ਸਥਿਤੀ ਰਿਪੋਰਟ ਅਤੇ ਹਲਫ਼ਨਾਮਾ ਦਾਇਰ ਕੀਤਾ ਜਾਵੇ। ਮਾਮਲੇ ਦੀ ਅਗਲੀ ਸੁਣਵਾਈ ਹੁਣ 13 ਜਨਵਰੀ ਨੂੰ ਹੋਵੇਗੀ।

# ਤਸਵੀਰ ਦੀ ਇਤਰਾਜ਼ਯੋਗ ਵਰਤੋਂ ਮਾਮਲੇ ’ਚ SC ਕਮਿਸ਼ਨ ਵੱਲੋਂ ਪ੍ਰਤਾਪ ਬਾਜਵਾ ਤਲਬ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 07 ਨਵੰਬਰ
INTERNATIONAL PAPER, 94636 01616
hardipchumber57@gmail.com

ਤਰਨਤਾਰਨ ਉਪ ਚੋਣ ਦੌਰਾਨ ਇੱਕ ਰੈਲੀ ਵਿੱਚ ਭਾਈ ਜੈਤਾ ਜੀ ਦੀ ਤਸਵੀਰ ਦੇ ਉੱਪਰ ਕਾਂਗਰਸੀ ਆਗੂਆਂ ਦੀਆਂ ਫੋਟੋਆਂ ਲਗਾਉਣ ਨੂੰ ਲੈ ਕੇ ਪੰਜਾਬ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਜਸਬੀਰ ਸਿੰਘ ਗੜ੍ਹੀ ਨੇ ਇਸ ਮਾਮਲੇ ਵਿੱਚ ਕਾਂਗਰਸ ਪਾਰਟੀ ਨੂੰ ਇੱਕ ਨੋਟਿਸ ਜਾਰੀ ਕੀਤਾ ਹੈ।



ਐਸ ਸੀ ਕਮਿਸ਼ਨ ਨੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੂੰ 10 ਨਵੰਬਰ ਨੂੰ ਨਿੱਜੀ ਤੌਰ ‘ਤੇ ਤਲਬ ਕੀਤਾ ਗਿਆ ਹੈ। ਇਸ ਦੇ ਨਾਲ ਹੀ ਤਰਨਤਾਰਨ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਵੀ 17 ਨਵੰਬਰ ਨੂੰ ਨਿੱਜੀ ਤੌਰ ‘ਤੇ ਪੇਸ਼ ਹੋਣ ਦੇ ਹੁਕਮ ਦਿੱਤੇ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਦੱਸਿਆ ਕਿ ਇਹ ਮਾਮਲਾ ਸ਼ੋਸ਼ਲ ਮੀਡੀਆ ਅਤੇ ਅਖ਼ਬਾਰ ਰਾਹੀਂ ਕਮਿਸ਼ਨ ਦੇ ਧਿਆਨ ਵਿੱਚ ਆਇਆ ਹੈ ਜਿਸ ਦਾ ਸੂ-ਮੋਟੋ ਨੋਟਿਸ ਲੈਂਦਿਆਂ ਕਮਿਸ਼ਨ ਵੱਲੋਂ ਪ੍ਰਤਾਪ ਸਿੰਘ ਬਾਜਵਾ ਨੂੰ 10 ਨਵੰਬਰ, 2025 ਨੂੰ ਨਿੱਜੀ ਤੌਰ ‘ਤੇ ਪੇਸ਼ ਹੋਣ ਲਈ ਕਿਹਾ ਗਿਆ ਹੈ।

ਇਸ ਤੋਂ ਇਲਾਵਾ ਡਿਪਟੀ ਕਮਿਸ਼ਨਰ ਤਰਨਤਾਰਨ ਨੂੰ ਵੀ ਕਮਿਸ਼ਨ ਵੱਲੋਂ ਪੱਤਰ ਲਿਖਕੇ ਕਿਹਾ ਗਿਆ ਹੈ ਕਿ ਇਸ ਮਾਮਲੇ ਸਬੰਧੀ ਜਾਂਚ ਰਿਪੋਰਟ ਸਮੇਂ ਮਾਡਲ ਕੋਡ ਆਫ਼ ਕੰਡਕਟ ਅਤੇ ਐਸ.ਸੀ./ਐਸ.ਟੀ. ਐਕਟ, 1989 ਨੂੰ ਵਿਚਾਰਦੇ ਹੋਏ ਬਣਦੀ ਕਾਰਵਾਈ ਰਿਪੋਰਟ ਜ਼ਿੰਮੇਵਾਰ ਅਧਿਕਾਰੀ ਰਾਹੀਂ 17 ਨਵੰਬਰ, 2025 ਨੂੰ ਪੇਸ਼ ਕੀਤੀ ਜਾਵੇ।

# ਹਰਿਆਣਾ ਪੁਲੀਸ ਦੇ ਇੱਕ ਸਬ-ਇੰਸਪੈਕਟਰ ’ਤੇ ਇੱਟਾਂ ਅਤੇ ਡੰਡਿਆਂ ਨਾਲ ਹਮਲਾ, ਮੌਕੇ ’ਤੇ ਹੀ ਮੌਤ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 07 ਨਵੰਬਰ
INTERNATIONAL PAPER, 94636 01616
hardipchumber57@gmail.com

ਇੱਥੋਂ ਦੀ ਸ਼ਾਮਲਾਲ ਢਾਣੀ ਕਲੋਨੀ ਵਿੱਚ ਬੀਤੀ ਰਾਤ ਹਰਿਆਣਾ ਪੁਲੀਸ ਦੇ ਇੱਕ ਸਬ-ਇੰਸਪੈਕਟਰ ਨੂੰ ਉਸਦੇ ਘਰ ਦੇ ਬਾਹਰ ਬਦਮਾਸ਼ਾਂ ਨੇ ਕੁੱਟ-ਕੁੱਟ ਕੇ ਮਾਰ ਦਿੱਤਾ। ਜਿਸ ਤੋਂ ਬਾਅਦ ਪੁਲੀਸ ਨੇ ਇਸ ਮਾਮਲੇ ਵਿੱਚ ਹੁਣ ਤੱਕ ਪੰਜ ਲੋਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਅੱਗੇ ਦੀ ਜਾਂਚ ਜਾਰੀ ਹੈ।







ਮ੍ਰਿਤਕ ਦੀ ਪਛਾਣ 57 ਸਾਲਾ ਰਮੇਸ਼ ਕੁਮਾਰ ਵਜੋਂ ਹੋਈ ਹੈ, ਜੋ ਹਿਸਾਰ ਵਿੱਚ ਵਧੀਕ ਡਾਇਰੈਕਟਰ ਜਨਰਲ ਆਫ਼ ਪੁਲੀਸ (ADGP) ਦਫ਼ਤਰ ਵਿੱਚ ਤਾਇਨਾਤ ਸੀ। ਉਸ ਨੇ ਆਪਣੇ ਮੁਹੱਲੇ ਵਿੱਚ ਹੰਗਾਮਾ ਕਰ ਰਹੇ ਨੌਜਵਾਨਾਂ ਦੇ ਇੱਕ ਸਮੂਹ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਸੀ। ਹਾਲਾਂਕਿ, ਨੌਜਵਾਨ ਕੁਝ ਸਮੇਂ ਬਾਅਦ ਵਾਪਸ ਆਏ ਅਤੇ ਉਸਦੇ ਘਰ ਦੇ ਬਾਹਰ ਖੜ੍ਹੇ ਹੋ ਕੇ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। ਜਦੋਂ ਉਹ ਘਰੋਂ ਬਾਹਰ ਆਇਆ, ਤਾਂ ਹਮਲਾਵਰਾਂ ਨੇ ਉਸ ’ਤੇ ਇੱਟਾਂ ਅਤੇ ਡੰਡਿਆਂ ਨਾਲ ਹਮਲਾ ਕਰ ਦਿੱਤਾ, ਜਿਸ ਕਾਰਨ ਉਸ ਦੀ ਮੌਕੇ ’ਤੇ ਹੀ ਮੌਤ ਹੋ ਗਈ।


ਹਮਲਾਵਰ ਮੌਕੇ ਤੋਂ ਇੱਕ ਕਾਰ ਅਤੇ ਦੋ ਦੋਪਹੀਆ ਵਾਹਨ ਛੱਡ ਕੇ ਭੱਜ ਗਏ ਸਨ। ਸੂਚਨਾ ਮਿਲਦੇ ਹੀ ਸੀਨੀਅਰ ਪੁਲੀਸ ਅਧਿਕਾਰੀਆਂ ਨੇ ਮੌਕੇ ’ਤੇ ਪਹੁੰਚੇ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਇਸ ਤੋਂ ਪਹਿਲਾਂ ਅਧਿਕਾਰੀਆਂ ਨੇ ਕਿਹਾ ਸੀ ਕਿ ਮੁਲਜ਼ਮਾਂ ਖ਼ਿਲਾਫ਼ ਕਤਲ ਦਾ ਕੇਸ ਦਰਜ ਕਰ ਲਿਆ ਹੈ ਅਤੇ ਜੁਰਮ ਵਾਲੀ ਥਾਂ ‘ਤੇ ਛੱਡੇ ਗਏ ਵਾਹਨਾਂ ਨੂੰ ਵੀ ਜ਼ਬਤ ਕਰ ਲਿਆ ਹੈ। ਪੁਲਿਸ ਨੇ ਫਰਾਰ ਮੁਲਜ਼ਮਾਂ ਨੂੰ ਫੜਨ ਲਈ ਵਿਸ਼ੇਸ਼ ਟੀਮਾਂ ਦਾ ਗਠਨ ਕੀਤਾ ਹੈ।

# ਜ਼ੋਹਰਾਨ ਮਮਦਾਨੀ ਦੀ ਇਤਿਹਾਸਕ ਜਿੱਤ ਦਾ ਸਵਾਗਤ ਕਰਦਿਆਂ ਕਿਹਾ ਕਿ ਪਰਵਾਸੀ ਹੁਣ ਅਮਰੀਕਾ ’ਚ ਨਵੀਂ ਪਛਾਣ ਬਣਾ ਰਹੇ ਹਨ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 07 ਨਵੰਬਰ
INTERNATIONAL PAPER, 94636 01616
hardipchumber57@gmail.com

ਭਾਰਤੀ-ਅਮਰੀਕੀ ਭਾਈਚਾਰੇ ਨੇ ਨਿਊਯਾਰਕ ਸ਼ਹਿਰ ਦੇ ਮੇਅਰ ਅਹੁਦੇ ਦੀ ਚੋਣ ’ਚ ਜ਼ੋਹਰਾਨ ਮਮਦਾਨੀ ਦੀ ਇਤਿਹਾਸਕ ਜਿੱਤ ਦਾ ਸਵਾਗਤ ਕਰਦਿਆਂ ਕਿਹਾ ਕਿ ਪਰਵਾਸੀ ਹੁਣ ਅਮਰੀਕਾ ’ਚ ਨਵੀਂ ਪਛਾਣ ਬਣਾ ਰਹੇ ਹਨ। ਨਿਊਯਾਰਕ ’ਚ ਵਿਦਿਅਕ ਅਤੇ ਸੱਭਿਆਚਾਰਕ ਜਥੇਬੰਦੀ ‘ਦਿ ਕਲਚਰ ਟ੍ਰੀ’ ਦੀ ਬਾਨੀ ਅਤੇ ਸੀ ਈ ਓ ਅਨੂ ਸਹਿਗਲ ਨੇ ਮਮਦਾਨੀ ਦੀ ਜਿੱਤ ’ਤੇ ਕਿਹਾ ਕਿ ਇੰਝ ਮਹਿਸੂਸ ਹੋਇਆ ਜਿਵੇਂ ਨਵੇਂ ਯੁੱਗ ਦਾ ਪਹੁ ਫੁਟਾਲਾ ਹੋਇਆ ਹੈ। ਉਨ੍ਹਾਂ ਕਿਹਾ ਕਿ ਭਾਰਤੀ ਮੂਲ ਦਾ ਪਹਿਲਾ ਮੇਅਰ ਮਿਲਣ ਮਗਰੋਂ ਸ਼ਹਿਰ ਦੀ





ਪਛਾਣ, ਅਪਣੇਪਣ ਅਤੇ ਸੱਤਾ ਨੂੰ ਦੇਖਣ ਦੇ ਨਜ਼ਰੀਏ ’ਚ ਬਦਲਾਅ ਦਿਸ ਰਿਹਾ ਹੈ। ਉਨ੍ਹਾਂ ਕਿਹਾ, ‘‘ਮਮਦਾਨੀ ਦੇ ਭਾਸ਼ਣ ’ਚ ਨਹਿਰੂ ਦਾ ਜ਼ਿਕਰ ਅਤੇ ਫਿਲਮ ‘ਧੂਮ’ ਦੇ ਗੀਤ ਨਾਲ ਸਮਾਰੋਹ ਦੀ ਸਮਾਪਤੀ ਸਾਡੇ ਤਬਕੇ ਲਈ ਅਹਿਮੀਅਤ ਰੱਖਦਾ ਹੈ।’’ ਦੱਖਣ ਏਸ਼ਿਆਈ ਭਾਈਚਾਰੇ ਦੇ ਆਗੂ ਅਤੇ ਨਾਸਾਊ ਕਾਊਂਟੀ ਦੇ ਸਾਬਕਾ ਡਿਪਟੀ ਕੰਪਟਰੋਲਰ ਦਿਲੀਪ ਚੌਹਾਨ ਨੇ ਮਮਦਾਨੀ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਨੂੰ ਖੁਸ਼ੀ ਹੋ ਰਹੀ ਹੈ ਕਿ ਇਕ ਦੱਖਣ ਏਸ਼ੀਆਈ-ਅਮਰੀਕੀ ਸ਼ਹਿਰ ਦੇ ਵਿਕਾਸ ਲਈ ਕੰਮ ਕਰਨ ਦਾ ਵਾਅਦਾ ਕਰ ਰਿਹਾ ਹੈ।

## ਟਰੰਪ ਨੇ ਮਮਦਾਨੀ ਦਾ ਮਖੌਲ ਉਡਾਇਆ

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਨਿਊਯਾਰਕ ਸਿਟੀ ਦੇ ਨਵੇਂ ਚੁਣੇ ਗਏ ਮੇਅਰ ਜ਼ੋਹਰਾਨ ਮਮਦਾਨੀ ਦਾ ਮਖੌਲ ਉਡਾਉਂਦਿਆਂ ਉਨ੍ਹਾਂ ਦਾ ਨਾਮ ਨਹੀਂ ਲਿਆ ਅਤੇ ਨਾਮ ਭੁੱਲਣ ਦਾ ਦਿਖਾਵਾ ਕਰਦਿਆਂ ਕਿਹਾ ‘ਜੋ ਵੀ ਉਨ੍ਹਾਂ ਦਾ ਨਾਮ ਹੈ।’ ਸ੍ਰੀ ਟਰੰਪ ਨੇ ਇਹ ਵੀ ਦਾਅਵਾ ਕੀਤਾ ਕਿ ਚੋਣਾਂ ਤੋਂ ਬਾਅਦ ਹੁਣ ਅਮਰੀਕੀ ਲੋਕਾਂ ਨੂੰ ‘ਕਮਿਊਨਿਜ਼ਮ’ ਅਤੇ ‘ਕਾਮਨ ਸੈਂਸ’ ਵਿੱਚੋਂ ਇਕ ਨੂੰ ਚੁਣਨਾ ਹੋਵੇਗਾ। ਮਿਆਮੀ ’ਚ ਅਮਰੀਕਾ ਬਿਜ਼ਨਸ ਫੋਰਮ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਜਦੋਂ ਉਹ ਦੂਜੀ ਵਾਰ ਰਾਸ਼ਟਰਪਤੀ ਚੁਣੇ ਗਏ ਸਨ ਤਾਂ ਲੋਕਾਂ ਨੇ ਆਪਣੀ ਖੁਦਮੁਖਤਾਰੀ ਬਹਾਲ ਕੀਤੀ ਸੀ ਪਰ ਮੰਗਲਵਾਰ ਦੀ ਮੇਅਰ ਚੋਣ ਨਾਲ ਉਸ ਦਾ ਕੁਝ ਹਿੱਸਾ ਗੁਆ ਦਿੱਤਾ ਹੈ, ਮਮਦਾਨੀ ਨੇ ਆਪਣਾ ਪਹਿਲਾ ਭਾਸ਼ਣ ਹੀ ਗੁੱਸੇ ਵਾਲਾ ਦਿੱਤਾ ਹੈ।

# ਮੋਗਾ ਦੀ ਡਿਪਟੀ ਕਮਿਸ਼ਨਰ ਚਾਰੂਮਿਤਾ ਨੂੰ ਅਹੁਦੇ ਤੋਂ ਕੀਤਾ ਗਿਆ ਮੁਅੱਤਲ

## ਕਿਸਾਨਾਂ ਨੂੰ ਜ਼ਮੀਨ ਦਾ ਮੁਆਵਜ਼ਾ ਨਾ ਮਿਲਣ ’ਤੇ ਹੋਈ ਕਾਰਵਾਈ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 07 ਨਵੰਬਰ
INTERNATIONAL PAPER, 94636 01616
hardipchumber57@gmail.com

ਮੋਗਾ: ਪੰਜਾਬ ਸਰਕਾਰ ਨੇ ਇਕ ਪੀਸੀਐਸ ਅਧਿਕਾਰੀ ਉਤੇ ਵੱਡੀ ਕਾਰਵਾਈ ਕਰਕੇ ਹੋਏ ਮੁਅੱਤਲ ਕੀਤਾ ਹੈ। ਸਰਕਾਰ ਨੇ ਮੋਗਾ ਦੀ ਏਡੀਸੀ ਅਤੇ ਨਗਰ ਨਿਗਮ ਕਮਿਸ਼ਨਰ ਚਾਰੂਮਿਤਾ ਨੂੰ ਮੁਅੱਤਲ ਕੀਤਾ ਗਿਆ ਹੈ। ਮੁੱਖ ਸਕੱਤਰ ਵੱਲੋਂ ਇਸ ਸਬੰਧੀ ਪੱਤਰ ਜਾਰੀ ਕੀਤਾ ਗਿਆ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਧਰਮਕੋਟ ਤੋਂ ਬਹਾਦਰਵਾਲਾ ਤੋਂ ਨਿਕਲਣ ਵਾਲੇ ਨੈਸ਼ਨਲ ਹਾਈਵੇ ਲਈ ਜ਼ਮੀਨ ਅਕਵਾਇਰ ਕਰਨ ਮੌਕੇ ਮੁਅੱਵਜੇ ਵਿਚ ਗੜਬੜੀ ਕੀਤੀ ਗਈ ਸੀ। ਜਿਸ ਤੋਂ ਬਾਅਦ ਵਿਜੀਲੈਂਸ ਬਿਓਰੋ ਵੱਲੋਂ ਪੀਸੀਐਸ ਅਧਿਕਾਰੀ ਖਿਲਾਫ ਚਾਰਜਸੀਟ ਤਿਆਰ ਕੀਤੀ ਗਈ ਸੀ।

ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਚਾਰੂਮਿਤਾ ਨੂੰ ਅਹੁਦੇ ਤੋਂ ਮੁਅੱਤਲ ਕਰ ਦਿੱਤਾ ਗਿਆ ਹੈ। ਜਾਣਕਾਰੀ ਮੁਤਾਬਕ ਜ਼ਮੀਨ ਗਬਨ ਦੇ ਦੋਸ਼ਾਂ ਵਿਚ ਉਨ੍ਹਾਂ ਨੂੰ ਅਹੁਦੇ ਤੋਂ ਮੁਅੱਤਲ ਕਰ ਦਿੱਤਾ ਗਿਆ ਹੈ। ਪੰਜਾਬ ਸਰਕਾਰ ਵਲੋਂ ਜਾਰੀ ਹੁਕਮਾਂ ਤਹਿਤ, ਧਰਮਕੋਟ ਦੇ ਉਪ-ਮੰਡਲ ਮੈਜਿਸਟ੍ਰੇਟ, ਮੋਗਾ ਦੇ ਵਧੀਕ ਡਿਪਟੀ ਕਮਿਸ਼ਨਰ (ਜ) ਅਤੇ ਮੋਗਾ ਦੇ ਨਗਰ ਨਿਗਮ ਕਮਿਸ਼ਨਰ ਨੂੰ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮ, 1970 ਦੇ ਨਿਯਮ 4(1)(a) ਤਹਿਤ ਤੁਰੰਤ ਪ੍ਰਭਾਵ ਨਾਲ ਸਰਕਾਰੀ ਸੇਵਾ



ਤੋਂ ਮੁਅੱਤਲ ਕੀਤਾ ਜਾਂਦਾ ਹੈ। ਮੁਅੱਤਲੀ ਦੀ ਮਿਆਦ ਦੌਰਾਨ ਅਧਿਕਾਰੀ ਨੂੰ ਪੰਜਾਬ ਸਿਵਲ ਸੇਵਾਵਾਂ ਨਿਯਮ, ਭਾਗ I, ਧਾਰਾ 1 ਦੇ ਨਿਯਮ 7.2 ਦੇ ਉਪਬੰਧਾਂ ਅਨੁਸਾਰ ਭੱਤੇ ਪ੍ਰਾਪਤ ਹੋਣਗੇ।

# 12 ਜੂਨ ਨੂੰ ਹਾਦਸਾਗ੍ਰਸਤ ਹੋਈ ਏਅਰ ਇੰਡੀਆ ਫਲਾਈਟ ਦੇ ਪਾਇਲਟਾਂ ਨੂੰ ਇਸ ਦੁਖਾਂਤ ਲਈ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ: ਸੁਪਰੀਮ ਕੋਰਟ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 07 ਨਵੰਬਰ
INTERNATIONAL PAPER, 94636 01616
hardipchumber57@gmail.com

ਨਵੀਂ ਦਿੱਲੀ: ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੂੰ ਇਸ ਗੱਲ ‘ਤੇ ਜ਼ੋਰ ਦਿੱਤਾ ਕਿ 12 ਜੂਨ ਨੂੰ ਹਾਦਸਾਗ੍ਰਸਤ ਹੋਈ ਏਅਰ ਇੰਡੀਆ ਫਲਾਈਟ ਦੇ ਪਾਇਲਟਾਂ ਨੂੰ ਇਸ ਦੁਖਾਂਤ ਲਈ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ ਅਤੇ ਕਿਸੇ ਵੀ ਸਰਕਾਰੀ ਰਿਪੋਰਟ ਵਿੱਚ ਉਨ੍ਹਾਂ ‘ਤੇ ਦੋਸ਼ ਲਗਾਉਣ ਦੀ ਮੰਗ ਨਹੀਂ ਕੀਤੀ ਗਈ ਹੈ। ਇਸ ਮਾਮਲੇ ਦੀ ਸੁਣਵਾਈ ਹੁਣ ਅਗਲੇ ਹਫ਼ਤੇ ਐਨਜੀਓ ਸੇਫਟੀ ਮੈਟਰਸ ਫਾਊਂਡੇਸ਼ਨ ਦੁਆਰਾ ਪਹਿਲਾਂ ਦਾਇਰ ਕੀਤੀ ਗਈ ਇਸੇ ਤਰ੍ਹਾਂ ਦੀ ਪਟੀਸ਼ਨ ਦੇ ਨਾਲ ਹੋਵੇਗੀ, ਜਿਸ ‘ਤੇ ਉਸੇ ਬੈਂਚ ਨੇ ਸਤੰਬਰ ਵਿੱਚ ਨੋਟਿਸ ਜਾਰੀ ਕੀਤਾ ਸੀ।



ਜਸਟਿਸ ਸੂਰਿਆ ਕਾਂਤ ਅਤੇ ਜੋਇਮਾਲਿਆ ਬਾਗਚੀ ਦੇ ਬੈਂਚ ਨੇ ਕੈਪਟਨ ਸੁਮਿਤ ਸਭਰਵਾਲ ਦੇ ਪਿਤਾ ਪਟੀਸ਼ਨਰ ਪੁਸ਼ਕਰਰਾਜ ਸਭਰਵਾਲ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਗੋਪਾਲ ਸ਼ੰਕਰਨਾਰਾਇਣਨ ਨੂੰ ਕਿਹਾ ਕਿ ਪਰਿਵਾਰ ਨੂੰ ਕਿਸੇ ਵੀ ਕਥਿਤ ਬੋਝ ਨਹੀਂ ਚੁੱਕਣਾ ਚਾਹੀਦਾ। “ਇਹ ਇੱਕ ਬਹੁਤ ਹੀ ਮੰਦਭਾਗਾ ਹਾਦਸਾ ਹੈ। ਪਰ ਤੁਹਾਨੂੰ ਇਹ ਬੋਝ ਨਹੀਂ ਚੁੱਕਣਾ ਚਾਹੀਦਾ ਕਿ ਤੁਹਾਡੇ ਪੁੱਤਰ ਨੂੰ ਦੋਸ਼ੀ ਠਹਿਰਾਇਆ ਜਾ ਰਿਹਾ ਹੈ। ਅਸੀਂ ਹਮੇਸ਼ਾ ਸਪੱਸ਼ਟ ਕਰ ਸਕਦੇ ਹਾਂ ਕਿ ਕਿਸੇ ਨੂੰ ਵੀ ਅਤੇ ਖਾਸ ਕਰਕੇ ਪਾਇਲਟ ਨੂੰ ਇਸ ਦੁਖਾਂਤ ਲਈ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ,” ਬੈਂਚ ਨੇ ਕਿਹਾ।

“ਕਾਕਪਿਟ ਰਿਕਾਰਡਰ ਦਾ ਸਿਰਫ਼ ਇੱਕ ਜ਼ਿਕਰ ਹੈ ਜਿੱਥੇ ਇੱਕ ਪਾਇਲਟ ਤੁਹਾਡੇ ਪੁੱਤਰ ਨੂੰ ਪੁੱਛਦਾ ਹੈ ਕਿ ਕੀ ਉਸਨੇ ਸਵਿੱਚ ਬੰਦ ਕਰ ਦਿੱਤਾ ਸੀ ਅਤੇ ਤੁਹਾਡਾ ਪੁੱਤਰ ਨਕਾਰਾਤਮਕ ਵਿੱਚ ਜਵਾਬ ਦਿੰਦਾ ਹੈ। ਰਿਪੋਰਟ ਵਿੱਚ ਬੱਸ ਇਹੀ ਹੈ। ਜਾਂਚ ਦਾ ਮੁੱਖ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਅਜਿਹੀਆਂ ਘਟਨਾਵਾਂ ਦੁਬਾਰਾ ਨਾ ਹੋਣ,” ਬੈਂਚ ਨੇ ਕੇਂਦਰ ਅਤੇ ਸਿਵਲ ਏਵੀਏਸ਼ਨ ਦੇ ਡਾਇਰੈਕਟਰ ਜਨਰਲ (ਡੀਜੀਸੀਏ) ਨੂੰ ਨੋਟਿਸ ਜਾਰੀ ਕਰਦੇ ਹੋਏ ਕਿਹਾ।

12 ਜੂਨ ਨੂੰ, ਏਅਰ ਇੰਡੀਆ ਦੀ ਉਡਾਣ AI-171, ਜਿਸ ਵਿੱਚ 230 ਯਾਤਰੀ ਅਤੇ 12 ਚਾਲਕ ਦਲ ਦੇ ਮੈਂਬਰ ਸਨ, ਅਹਿਮਦਾਬਾਦ ਦੇ ਸਰਦਾਰ ਵੱਲਭਭਾਈ ਪਟੇਲ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਉਡਾਣ ਭਰਨ ਤੋਂ ਥੋੜ੍ਹੀ ਦੇਰ ਬਾਅਦ ਹੀ ਹਾਦਸਾਗ੍ਰਸਤ ਹੋ ਗਈ, ਜਿਸ ਵਿੱਚ 229 ਯਾਤਰੀ, ਸਾਰੇ ਚਾਲਕ ਦਲ ਦੇ ਮੈਂਬਰ ਅਤੇ ਜ਼ਮੀਨ ‘ਤੇ 19 ਲੋਕ ਮਾਰੇ ਗਏ। ਕਈ ਹੋਰਾਂ ਨੂੰ ਗੰਭੀਰ ਸੱਟਾਂ ਲੱਗੀਆਂ।

# ਕੈਨੇਡਾ: ਨਵੰਬਰ 84 ਸਿੱਖ ਨਸਲਕੁਸ਼ੀ ਦੇ ਰੋਸ ਵਜੋਂ 7 ਦਿਨਾਂ ਤੋਂ ਝੁਕੇ ਨੇ ਬਰੈਂਪਟਨ ਸਿਟੀ ਕੌਂਸਲ ਦੇ ਝੰਡੇ

## ਜਾਣਕਾਰੀ ਅਨੁਸਾਰ 1 ਨਵੰਬਰ ਤੋਂ ਕੌਂਸਲ ਇਮਾਰਤਾਂ ’ਤੇ ਲੱਗੇ ਝੰਡੇ ਅੱਜ ਸਤਵੇਂ ਦਿਨ ਵੀ ਝੁਕੇ ਹੋਏ ਸਨ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 07 ਨਵੰਬਰ
INTERNATIONAL PAPER, 94636 01616
hardipchumber57@gmail.com

ਕੈਨੇਡਾ ਦੇ ਸ਼ਹਿਰ ਬਰੈਂਪਟਨ ਦੀ ਸਿਟੀ ਕੌਂਸਲ (ਮਿਉਂਸਪੈਲਿਟੀ) ਵਲੋਂ ਨਵੰਬਰ 1984 ’ਚ ਭਾਰਤ ਦੀ ਰਾਜਧਾਨੀ ਦਿੱਲੀ ਅਤੇ ਹੋਰ ਸ਼ਹਿਰਾਂ ’ਚ ਸਿੱਖ ਨਸਲਕੁਸ਼ੀ ਦੇ ਰੋਸ ਵਜੋਂ ਹਰ ਸਾਲ ਇਹ ਹਫਤਾ ਸਿੱਖ ਨਸਲਕੁਸ਼ੀ ਦੇ ਨਾਂਅ ਹੇਠ ਮਨਾਏ ਜਾਣ ਦਾ ਮਤਾ ਪਾਸ ਕੀਤਾ ਗਿਆ ਸੀ। ਇਸ ਦੌਰਾਨ ਸਿਟੀ ਕੌਂਸਲ ਨਾਲ ਸਬੰਧਤ ਇਮਾਰਤਾਂ ’ਤੇ ਲੱਗੇ ਝੰਡੇ ਅੱਧੇ ਝੁਕੇ ਰਹਿਣਗੇ।

ਜਾਣਕਾਰੀ ਅਨੁਸਾਰ 1 ਨਵੰਬਰ ਤੋਂ ਕੌਂਸਲ ਇਮਾਰਤਾਂ ’ਤੇ ਲੱਗੇ ਝੰਡੇ ਅੱਜ ਸਤਵੇਂ ਦਿਨ ਵੀ ਝੁਕੇ ਹੋਏ ਸਨ। ਬੇਸ਼ੱਕ ਭਾਰਤ ਵਿੱਚ ਇਨ੍ਹਾਂ ਮਾੜੇ ਦਿਨਾਂ ਨੂੰ ਦੰਗੇ ਕਿਹਾ ਜਾਂਦਾ ਹੈ, ਪਰ ਸਿਟੀ ਕੌਂਸਲ ਵਲੋਂ ਇਸ ਵਾਸਤੇ ਸ਼ਬਦ ਸਿੱਖ ਨਸਲਕੁਸ਼ੀ ਵਰਤਿਆ ਗਿਆ ਹੈ। ਕੈਨੇਡਾ ਦੀਆਂ ਕੁਝ ਹੋਰ ਸਿਟੀ ਕੌਂਸਲਾਂ ਵਲੋਂ ਵੀ ਅਜਿਹੇ ਮਤੇ ਪਾਸ ਕੀਤੇ ਗਏ ਹਨ।



"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 07 ਨਵੰਬਰ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

ਬਾਬਾ ਸਾਹਿਬ ਕਹਿੰਦੇ ਹਨ

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੋ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## ਜੇ ਬੇਲੀਫ ਮੇਰੀ ਕਿਤਾਬ ਨੂੰ ਵੀ ਛੂਹ ਲੈਂਦਾ ਹੈ, ਤਾਂ ਮੈਂ ਉਸਨੂੰ ਗੋਲੀ ਮਾਰ ਦੇਵਾਂਗਾ।

* ਜਨਤਕ 17 ਦਸੰਬਰ, 1938

ਅਛੂਤ ਵਿਦਿਆਰਥੀਆਂ ਦੀ ਤਰਫੋਂ ਮੁੰਬਈ ਵਿੱਚ ਆਯੋਜਿਤ ਕੀਤਾ ਗਿਆ। ਆਗਾਮੀ 'ਮੁੰਬਈ ਅਛੂਤ ਵਿਦਿਆਰਥੀ ਅੰਦੋਲਨ' 10, 11, 12 ਦਸੰਬਰ, 1938 ਨੂੰ ਸਫਲਤਾਪੂਰਵਕ ਸੰਪੰਨ ਹੋਇਆ। 12 ਦਸੰਬਰ ਨੂੰ ਕਾਨਫ਼ਰੰਸ ਦੇ ਪ੍ਰਧਾਨ ਵਜੋਂ ਡਾ: ਬਾਬਾ



ਸਾਹਿਬ ਅੰਬੇਡਕਰ ਨੇ ਵਿਦਿਆਰਥੀਆਂ ਨੂੰ ਉਪਦੇਸ਼ ਦਿੱਤਾ | ਵਿਦਿਆਰਥਣਾਂ ਵੱਲੋਂ ਤਾੜੀਆਂ ਦੀ ਗੂੰਜ ਅਤੇ ਫੁੱਲਾਂ ਦੀ ਵਰਖਾ ਦੇ ਵਿਚਕਾਰ, ਡਾ. ਬਾਬਾ ਸਾਹਿਬ ਭਾਸ਼ਣ ਦੇਣ ਲਈ ਖੜ੍ਹੇ ਹੋਏ। ਉਸਨੇ ਕਿਹਾ-

"ਅੱਜ ਤੁਸੀਂ ਮੁੰਬਈ ਵਿੱਚ ਅਛੂਤ ਵਿਦਿਆਰਥੀਆਂ ਦੀ ਇੱਕ ਕਾਨਫਰੰਸ ਆਯੋਜਿਤ ਕੀਤੀ ਹੈ ਅਤੇ ਇਹ ਹਰ ਤਰ੍ਹਾਂ ਨਾਲ ਸਫਲ ਰਹੀ ਹੈ। ਮੈਂ ਤੁਹਾਨੂੰ ਇਸ ਪ੍ਰੋਗਰਾਮ ਲਈ ਅਤੇ ਕਾਨਫਰੰਸ ਵਿੱਚ ਹਿੱਸਾ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੰਦਾ ਹਾਂ। ਮੈਂ ਸ਼ਨੀਵਾਰ ਅਤੇ ਐਤਵਾਰ ਨੂੰ ਨਾਸਿਕ ਵਿੱਚ ਰਹਾਂਗਾ। ਮੇਰੀ ਸਿਹਤ ਯਾਤਰਾ ਦੀਆਂ ਸਮੱਸਿਆਵਾਂ ਕਾਰਨ ਖਰਾਬ ਹੋ ਗਈ ਹੈ। ਮੇਰੇ ਵਿੱਚ ਬੋਲਣ ਦੀ ਤਾਕਤ ਵੀ ਨਹੀਂ ਹੈ। ਮੈਂ ਤੁਹਾਨੂੰ ਸਿਰਫ ਇਹ ਦੱਸਣਾ ਚਾਹੁੰਦਾ ਹਾਂ ਕਿ ਮੈਂ ਅੱਜ ਇੱਥੇ ਹਾਜ਼ਰ ਹੋ ਕੇ ਬਹੁਤ ਖੁਸ਼ ਹਾਂ।

ਅਜਿਹੀਆਂ ਕਈ ਕਾਨਫਰੰਸਾਂ ਹਨ। ਜਦੋਂ ਕੋਈ ਪ੍ਰਧਾਨ ਅਜਿਹੇ ਸਮਾਗਮਾਂ ਵਿੱਚ ਆਉਂਦਾ ਹੈ - ਮੈਂ ਹਮੇਸ਼ਾ ਦੇਖਦਾ ਹਾਂ - ਜਦੋਂ ਉਹ ਭਾਸ਼ਣ ਦਿੰਦਾ ਹੈ ਤਾਂ ਉਹ ਵਿਦਿਆਰਥੀਆਂ ਨੂੰ ਝਿੜਕਾਂ ਦਿੰਦਾ ਹੈ, ਤੁਸੀਂ ਇਸਨੂੰ ਪੜ੍ਹ ਕੇ ਕੀ ਕਰੋਗੇ? ਸਰਕਾਰੀ ਨੌਕਰੀ? ਉਨ੍ਹਾਂ ਨੂੰ ਦੇਸ਼ ਦੀ ਸੇਵਾ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।

ਪਰ ਇਸ ਦਾ ਕੋਈ ਮਤਲਬ ਨਹੀਂ ਬਣਦਾ। ਮੈਂ ਵਿਦਿਆਰਥੀਆਂ ਬਾਰੇ ਜੋ ਕੁਝ ਦੇਖਿਆ ਹੈ, ਉਸ ਦੇ ਆਧਾਰ 'ਤੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਪ੍ਰਚਾਰ ਝੂਠਾ ਹੈ ਅਤੇ ਮੈਂ ਤੁਹਾਨੂੰ ਅਜਿਹਾ ਕੋਈ ਵੀ ਪ੍ਰਚਾਰ ਨਹੀਂ ਕਰਨ ਜਾ ਰਿਹਾ। ਜੇਕਰ ਕੋਈ ਵਿਦਿਆਰਥੀ ਪੜ੍ਹ ਕੇ ਨੌਕਰੀ ਕਰਦਾ ਹੈ ਤਾਂ ਇਸ ਵਿੱਚ ਕੀ ਗੁਨਾਹ ਹੈ? ਉਸਦੀ ਵੀ ਇੱਕ ਜਿੰਦਗੀ ਹੈ, ਉਸਦੇ ਵੀ ਜਜ਼ਬਾਤ ਹਨ। ਹਰ ਵਿਅਕਤੀ ਦਾ ਅੰਤਮ ਟੀਚਾ ਕੀ ਹੈ? ਬੱਸ, ਤਾਂ ਕਿ ਤੁਹਾਡੇ ਗੁਣਾਂ ਨੂੰ ਵਧਣ-ਫੁੱਲਣ ਦਾ ਮੌਕਾ ਮਿਲੇ, ਬਸ ਇਹੀ ਨਾ? ਇਸ ਦੇ ਚੰਗੇ ਨਤੀਜੇ ਨਿਕਲਨ। ਇਸ ਲਈ, ਮੈਂ ਤੁਹਾਨੂੰ ਉਨ੍ਹਾਂ ਵਾਂਗ ਕੋਈ ਸਲਾਹ ਨਹੀਂ ਦੇਵਾਂਗਾ। ਸਰਕਾਰੀ ਨੌਕਰੀ ਲੈਣ ਦੀ ਪੂਰੀ ਕੋਸ਼ਿਸ਼ ਕਰੋ। ਮੈਂ ਜੋ ਕੁਝ ਕਹਿ ਸਕਦਾ ਹਾਂ ਉਸ ਤਜਰਬੇ 'ਤੇ ਆਧਾਰਿਤ ਹੈ ਜੋ ਮੈਂ ਹਾਸਲ ਕੀਤਾ ਹੈ ਇਸ ਦੇ ਆਧਾਰ 'ਤੇ ਮੈਂ ਇਹੀ ਕਹਾਂਗਾ ਕਿ ਅੱਜ-ਕੱਲ੍ਹ ਸਰਕਾਰੀ ਨੌਕਰੀਆਂ ਇੱਕ ਵਿਸ਼ੇਸ਼ ਜਾਤੀ ਦੀ ਅਜਾਰੇਦਾਰੀ ਬਣ ਗਈਆਂ ਹਨ। ਕਲੈਕਟਰ ਦਾ ਦਫ਼ਤਰ ਹੋਵੇ ਜਾਂ ਕੋਈ ਹੋਰ ਸਰਕਾਰੀ ਦਫ਼ਤਰ, ਉੱਥੇ ਇੱਕੋ ਜਾਤੀ ਦੇ ਲੋਕ ਹੀ ਮਿਲਣਗੇ। ਬਹੁਤ ਸਾਰੇ ਲੋਕ ਪੁੱਛਦੇ ਹਨ, ਤੁਸੀਂ ਇੰਨੀ ਲਗਨ ਨਾਲ ਨੌਕਰੀ ਕਿਉਂ ਕਰ ਰਹੇ ਹੋ? ਜੇਕਰ ਤੁਹਾਡੇ ਕੋਲ ਯੋਗਤਾ ਹੈ, ਤਾਂ ਤੁਹਾਨੂੰ ਯਕੀਨੀ ਤੌਰ 'ਤੇ ਨੌਕਰੀ ਮਿਲੇਗੀ। ਜਾਤ ਨੂੰ ਇਸ ਵਿੱਚ ਕਿਉਂ ਘਸੀਟਦਾ ਹੈ? ਪਰ ਜੇ ਤੁਸੀਂ ਆਪਣੀ ਸਮਾਜਿਕ ਸਥਿਤੀ ਬਾਰੇ ਸੋਚਦੇ ਹੋ, ਤਾਂ ਤੁਹਾਨੂੰ ਪਤਾ ਲੱਗ ਜਾਵੇਗਾ ਕਿ ਨੌਕਰੀ ਦੇ ਕੀ ਫਾਇਦੇ ਹਨ।

ਇਹ ਪੁੱਛਣਾ ਮੂਰਖਤਾ ਹੈ। ਇਸ ਦੇਸ਼ ਵਿੱਚ ਜਾਤੀਵਾਦ ਦਾ ਬੋਲਬਾਲਾ ਹੈ। ਅੱਜ ਕਿਸ ਦੇ ਹੱਥ ਵਿੱਚ ਪੈਸਾ ਹੈ? ਅਸਲ ਸ਼ਕਤੀ ਉਸਦੇ ਹੱਥਾਂ ਵਿੱਚ ਹੈ। ਇਸ ਨੂੰ ਸਮਝਦਾਰੀ ਨਾਲ ਵਰਤਣ ਦੀ ਬਜਾਏ, ਉਹ ਆਪਣੀ ਰੋਟੀ 'ਤੇ ਘਿਓ ਨਾਲ ਚੋਪੜਨ ਲਈ ਹੀ ਵਰਤਦਾ ਹੈ। ਨੌਕਰੀ ਕਰਨ ਨਾਲ ਹੱਥ ਵਿੱਚ ਤਨਖਾਹ ਆਉਂਦੀ ਹੈ। ਜਿਸ ਸਮਾਜ ਵਿਚ ਸਰਕਾਰੀ ਨੌਕਰੀਆਂ ਨਾ ਹੋਣ ਅਤੇ ਜਿਸ ਵਿਚ ਅਹੁਦਿਆਂ 'ਤੇ ਲੋਕ ਨਾ ਹੋਣ, ਉਸ ਸਮਾਜ ਦੀ ਸਥਿਤੀ ਵਿਚ ਕਦੇ ਵੀ ਕੋਈ ਸੁਧਾਰ ਨਹੀਂ ਹੋਵੇਗਾ। ਬ੍ਰਾਹਮਣ ਭਾਈਚਾਰਾ ਸਰਕਾਰੀ ਨੌਕਰੀਆਂ ਵਿੱਚ ਲੱਗਾ ਹੋਇਆ ਹੈ। ਇਸੇ ਲਈ ਉਸ ਕੋਲ ਸ਼ਕਤੀ ਹੈ। ਉਹ ਆਪਣਾ ਦਬਦਬਾ ਕਾਇਮ ਰੱਖ ਸਕਦਾ ਹੈ। ਇਸ ਲਈ ਸਰਕਾਰੀ ਨੌਕਰੀ ਪ੍ਰਾਪਤ ਕਰਨ ਦੀ ਕੋਸ਼ਿਸ਼ ਤੁਹਾਨੂੰ ਤਰੱਕੀ ਕਰਨ ਵਿੱਚ ਮਦਦ ਕਰੇਗੀ। ਤੁਹਾਨੂੰ ਆਪਣੀ ਪੂਰੀ ਤਾਕਤ ਨਾਲ ਇਸ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਪੜ੍ਹੇ ਲਿਖੇ ਵਿਅਕਤੀ ਵਿਚ ਵੀ ਕੁਝ ਨੁਕਸ ਹੁੰਦੇ ਹਨ। ਹਾਲਾਂਕਿ, ਪੜ੍ਹਾਈ ਤੋਂ ਬਾਅਦ ਨੌਕਰੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨ ਵਿੱਚ ਕੋਈ ਹਰਜ਼ ਨਹੀਂ ਹੈ। ਤੁਹਾਨੂੰ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਕੋਈ ਬੁਰਾਈ ਤੁਹਾਡੇ ਅੰਦਰ ਨਾ ਆਵੇ। ਸਭ ਤੋਂ ਪਹਿਲਾਂ ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਪੜ੍ਹ ਕੇ ਮਨੁੱਖ ਸੁਆਰਥੀ ਹੋ ਜਾਂਦਾ ਹੈ। ਮਨੁੱਖ ਦਾ ਸੁਆਰਥੀ ਹੋਣਾ ਸੁਭਾਵਿਕ ਹੈ ਪਰ ਪੜ੍ਹਿਆ-ਲਿਖਿਆ ਵਿਅਕਤੀ ਸਿਰਫ਼ ਆਪਣੇ ਹਿੱਤਾਂ ਬਾਰੇ ਹੀ ਸੋਚਦਾ ਹੈ। ਸਮਾਜ ਦੀ ਭਲਾਈ ਬਾਰੇ ਨਹੀਂ ਸੋਚਦਾ। ਉਹ ਸਿਰਫ ਆਪਣੀ ਪਤਨੀ ਅਤੇ ਬੱਚਿਆਂ ਅਤੇ ਆਪਣੇ ਆਪ ਦੀ ਪਰਵਾਹ ਕਰਦਾ ਹੈ, ਉਹ ਸਮਾਜ ਦੀ ਭਲਾਈ ਬਾਰੇ ਨਹੀਂ ਸੋਚਦਾ।

(22 ਜੂਨ, 1805 ਨੂੰ ਇਟਲੀ ਵਿੱਚ ਪੈਦਾ ਹੋਏ ਮਹਾਨ ਕ੍ਰਾਂਤੀਕਾਰੀ ਜੋਸਫ਼ ਮੈਜ਼ੀਨੀ) ਮੈਜ਼ੀਨੀ ਕਹਿੰਦਾ ਹੈ, "ਨਿਰਭਰਤਾ ਫੈਲਦੀ ਹੈ, ਫਿਰ ਜੇਕਰ ਕੋਈ ਵਿਅਕਤੀ ਪੜ੍ਹਿਆ-ਲਿਖਿਆ ਵੀ ਹੋ ਜਾਂਦਾ ਹੈ ਤਾਂ ਉਸ ਵਿਚ ਕਰਤੱਵਾਂ ਦੀ ਬਜਾਏ ਅਧਿਕਾਰਾਂ ਦੀ ਭਾਵਨਾ ਪ੍ਰਬਲ ਹੁੰਦੀ ਹੈ। ਉਸ ਦੇ ਅੰਦਰ ਆਪਣੇ ਫਰਜ਼ ਦੀ ਭਾਵਨਾ ਨਹੀਂ ਜਾਗਦੀ। ਪੜ੍ਹੇ-ਲਿਖੇ ਬੰਦੇ ਦਾ ਇਹ ਕਸੂਰ ਹੈ ਕਿ ਉਸ ਦੇ ਮਨ ਵਿਚ ਫ਼ਰਜ਼ ਦੀ ਭਾਵਨਾ ਨਹੀਂ ਹੁੰਦੀ। ਉਹ ਫ਼ਰਜਾਂ ਦੇ ਨਾਲੋਂ ਅਧਿਕਾਰਾਂ ਦੇ ਪ੍ਰਤੀ ਵਧੇਰੇ ਆਕਰਸ਼ਿਤ ਹੁੰਦਾ ਹੈ।

ਜਦੋਂ ਪੜ੍ਹੇ ਲਿਖੇ ਵਿਅਕਤੀ ਨੂੰ ਉਪਾਧੀ ਮਿਲਦੀ ਹੈ ਅਤੇ ਜਦੋਂ ਉਸ ਨੂੰ ਨੌਕਰੀ ਮਿਲ ਜਾਂਦੀ ਹੈ ਤਾਂ ਉਸ ਦਾ ਪੜ੍ਹਾਈ ਦਾ ਰਾਹ ਸਦਾ ਲਈ ਬੰਦ ਹੋ ਜਾਂਦਾ ਹੈ। ਉਸ ਲਈ ਪੜ੍ਹਾਈ ਦਾ ਮਹੱਤਵ ਖ਼ਤਮ ਹੋ ਜਾਂਦਾ ਹੈ। ਵਿੱਦਿਆ ਗ੍ਰਹਿਣ ਕਰਨ ਦਾ ਮਹੱਤਵ ਬੰਦ ਹੋ ਜਾਂਦਾ ਹੈ। ਜਦੋਂ ਮੈਂ ਯਾਤਰਾ 'ਤੇ ਜਾਂਦਾ ਹਾਂ ਤਾਂ ਮੇਰੇ ਨਾਲ ਹਮੇਸ਼ਾ ਚਾਰ ਕਿਤਾਬਾਂ ਅਤੇ ਅਖਬਾਰ ਹੁੰਦੇ ਹਨ। ਪਰ, ਜਦੋਂ ਮੈਂ ਆਪਣੀਆਂ ਯਾਤਰਾਵਾਂ ਦੌਰਾਨ ਪੜ੍ਹੇ-ਲਿਖੇ ਲੋਕਾਂ ਨੂੰ ਮਿਲਦਾ ਹਾਂ, ਮੈਂ ਦੇਖਦਾ ਹਾਂ ਕਿ ਉਨ੍ਹਾਂ ਦੇ ਕਿਤਾਬਾਂ ਜਾਂ ਅਖ਼ਬਾਰਾਂ ਦੀ ਥਾਂ ਹੱਥਾਂ ਵਿੱਚ ਸਿਗਰਟਾਂ ਦੇ ਪੈਕਟ ਹੁੰਦੇ ਹਨ।

ਜੇਕਰ ਕੋਈ ਬੀ.ਏ. ਤੱਕ ਪੜ੍ਹਦਾ ਹੈ ਤਾਂ ਕੀ ਉਸ ਨੂੰ ਹੋਰ ਪੜ੍ਹਾਈ ਦੀ ਲੋੜ ਨਹੀਂ? ਜੇਕਰ ਤੁਸੀਂ BA ਜਾਂ MA ਹੈ ਤਾਂ ਇਹ ਗਲਤ ਭਾਵਨਾ ਹੈ ਕਿ ਤੁਸੀਂ ਸਾਰਾ ਗਿਆਨ ਹਾਸਲ ਕਰ ਲਿਆ ਹੈ। ਜਿਸ ਤਰ੍ਹਾਂ ਅਗਤਸਿਆ ਮੁਨੀ ਨੇ ਸਮੁੰਦਰ ਪੀਤਾ, ਉਸੇ ਤਰ੍ਹਾਂ ਪੜ੍ਹੇ ਲਿਖੇ ਲੋਕ ਇਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨੇ ਡਿਗਰੀ ਪ੍ਰਾਪਤ ਕਰਦੇ ਹੀ ਪੂਰਨ ਗਿਆਨ ਪ੍ਰਾਪਤ ਕਰ ਲਿਆ ਹੈ।

ਬੜੌਦਾ ਇੰਸਟੀਚਿਊਟ ਵਿੱਚ ਇੱਕ ਆਦਮੀ ਸੀ, ਉਸ ਨੇ ਬੀ.ਏ. ਤੱਕ ਪੜ੍ਹਾਈ ਕੀਤੀ ਸੀ। ਮਹਾਰਾਜੇ ਨੇ ਉਸਨੂੰ ਇੱਕ ਪਿੰਡ ਵਿੱਚ ਨਿਯੁਕਤ ਕੀਤਾ ਸੀ। ਉਸ ਸਮੇਂ ਦੌਰਾਨ, ਬੜੌਦਾ ਦੀ ਰਿਆਸਤ ਦਾ ਕੰਮ ਗੁਜਰਾਤੀ ਵਿੱਚ ਹੀ ਹੁੰਦਾ ਸੀ। ਅੰਗਰੇਜ਼ੀ ਨਹੀਂ ਬੋਲਦਾ ਸੀ। ਉਹ ਆਦਮੀ ਬਹੁਤ ਆਲਸੀ ਸੀ। ਕਦੇ ਗਲਤੀ ਨਾਲ ਵੀ ਉਹ ਕਦੇ ਟਾਈਮਜ਼ ਅਖਬਾਰ ਵੀ ਨਹੀਂ ਪੜ੍ਹਦਾ ਸੀ। ਨਤੀਜੇ ਵਜੋਂ, ਕੁਝ ਸਮੇਂ ਬਾਅਦ ਉਹ ਹੁਣ ਏ.ਬੀ.ਸੀ. ਦੀ ਵੀ ਪਹਿਚਾਣ ਨਹੀ ਰਹੀ। ਇਹ ਬਿਲਕੁਲ ਸੱਚ ਹੈ।

ਮੇਰਾ ਵੀ ਇਹੀ ਅਨੁਭਵ ਹੈ। ਪੀਐਚਡੀ ਦੀ ਡਿਗਰੀ ਪ੍ਰਾਪਤ ਕਰਨ ਲਈ ਫ੍ਰੈਂਚ ਅਤੇ ਜਰਮਨ ਭਾਸ਼ਾਵਾਂ ਸਿੱਖਣਾ ਇੱਕ ਪੂਰਵ ਸ਼ਰਤ ਸੀ। ਮੈਂ ਉਦੋਂ ਇਹ ਭਾਸ਼ਾਵਾਂ ਜਾਣਦਾ ਸੀ। ਪਰ ਬਾਅਦ ਵਿਚ ਮੇਰਾ ਉਨ੍ਹਾਂ ਭਾਸ਼ਾਵਾਂ ਨਾਲ ਸੰਪਰਕ ਟੁੱਟ ਗਿਆ, ਇਸ ਲਈ ਹੁਣ ਮੇਰੇ ਲਈ ਇਨ੍ਹਾਂ ਭਾਸ਼ਾਵਾਂ ਵਿਚ ਬੋਲਣਾ ਮੁਸ਼ਕਲ ਹੋ ਗਿਆ ਹੈ। ਜਦੋਂ ਮੈਂ ਫਰਾਂਸ ਅਤੇ ਜਰਮਨੀ ਗਿਆ ਫਿਰ ਮੇਰੇ ਲਈ ਇਨ੍ਹਾਂ ਭਾਸ਼ਾਵਾਂ ਨੂੰ ਬੋਲਣਾ ਔਖਾ ਹੋ ਗਿਆ। ਇਸ ਲਈ ਪੜ੍ਹਨ-ਲਿਖਣ ਨੂੰ ਹਮੇਸ਼ਾ ਜਾਰੀ ਰੱਖਣਾ ਹੋਵੇਗਾ। ਜਿਸ ਤਰ੍ਹਾਂ ਇੱਕ ਵਾਰ ਸ਼ਰਾਬ ਪੀਣ ਵਾਲਾ ਵਿਅਕਤੀ ਬਾਰ ਬਾਰ ਸ਼ਰਾਬ ਪੀਣ ਲੱਗ ਜਾਂਦਾ ਹੈ ਅਤੇ ਸਾਰੀ ਉਮਰ ਪੀਂਦਾ ਰਹਿੰਦਾ ਹੈ, ਵਿਦਿਆਰਜਨ ਲਈ ਵੀ ਅਜਿਹਾ ਹੀ ਜ਼ਰੂਰੀ ਹੈ। ਗਿਆਨ ਪ੍ਰਾਪਤ ਕਰਨ ਦੀ ਅਸਲ ਇੱਛਾ ਕਿਸ ਦੇ ਮਨ ਵਿੱਚ ਪੈਦਾ ਹੁੰਦੀ ਹੈ? ਜਿਹੜਾ ਇਮਤਿਹਾਨਾਂ ਤੋਂ ਬਾਅਦ ਆਪਣੀਆਂ ਕਿਤਾਬਾਂ ਨਲ ਬਾਜ਼ਾਰ ਵਿੱਚ ਵੇਚਦਾ ਹੈ?

ਮੈਂ ਤਾਂ ਇਹੀ ਕਹਾਂਗਾ ਕਿ ਜਿਸ ਨੂੰ ਆਪਣੀ ਪਤਨੀ ਅਤੇ ਬੱਚਿਆਂ ਨਾਲੋਂ ਗਿਆਨ ਨੂੰ ਪਿਆਰਾ ਹੁੰਦਾ ਹੈ, ਉਹੀ ਹੈ ਜੋ ਪੜ੍ਹਨ-ਲਿਖਣ ਦੇ ਗਿਆਨ ਵੱਲ ਆਕਰਸ਼ਿਤ ਹੁੰਦਾ ਹੈ। ਜੇਕਰ ਕਦੇ ਪੈਸੇ ਉਧਾਰ ਕਾਰਨ ਮੇਰੇ ਘਰ 'ਤੇ ਕਬਜ਼ਾ ਕੀਤਾ ਜਾਂਦਾ ਹੈ ਅਤੇ ਜੇਕਰ ਕੋਈ ਮੇਰੀਆਂ ਕਿਤਾਬਾਂ ਨੂੰ ਹੱਥ ਵੀ ਲਾਉਂਦਾ ਹੈ ਤਾਂ ਮੈਂ ਉਸ ਨੂੰ ਗੋਲੀ ਮਾਰ ਦੇਵਾਂਗਾ।

ਮੈਂ ਤੁਹਾਡੇ ਪੜ੍ਹੇ-ਲਿਖੇ ਬੱਚਿਆਂ ਵਿੱਚ ਸੁੰਦਰਤਾ ਦਾ ਜਨੂੰਨ ਵੇਖਦਾ ਹਾਂ। ਵਿਆਹ ਵਿੱਚ ਵੀ ਤੁਸੀਂ ਦੇਖਦੇ ਹੋ ਕਿ ਕੁੜੀ ਸੋਹਣੀ ਹੈ ਜਾਂ ਨਹੀਂ? ਤੁਸੀਂ ਦੇਖਦੇ ਹੋ ਕਿ ਤੁਸੀਂ ਉਸਨੂੰ ਪਸੰਦ ਕਰਦੇ ਹੋ ਜਾਂ ਨਹੀਂ? ਪਰ ਤੁਹਾਨੂੰ ਕੁੜੀਆਂ ਨੂੰ ਵੀ ਇਹੀ ਹੱਕ ਦੇਣੇ ਚਾਹੀਦੇ ਹਨ। ਮੈਂ ਕਈ ਸੁੰਦਰ ਕੁੜੀਆਂ ਨੂੰ ਬਦਸੂਰਤ ਲੋਕਾਂ ਤੋਂ ਆਜ਼ਾਦ ਹੁੰਦੇ ਦੇਖਿਆ ਹੈ। ਮੈਂ ਇਸ ਦੇਸ਼ ਤੋਂ ਤੰਗ ਆ ਗਿਆ ਹਾਂ। ਪਰ ਮੈਂ ਆਪਣਾ ਫਰਜ਼ ਮਹਿਸੂਸ ਕੀਤਾ ਇਸ ਲਈ ਮੈਨੂੰ ਇੱਥੇ ਰਹਿਣਾ ਪਿਆ। ਹਾਲਾਂਕਿ, ਮੈਂ ਇੱਥੋਂ ਦੇ ਧਰਮ, ਸਮਾਜਿਕ ਢਾਂਚੇ, ਸੁਧਾਰਾਂ ਅਤੇ ਸੱਭਿਆਚਾਰ ਆਦਿ ਤੋਂ ਬਹੁਤ ਬੋਰ ਹੋ ਗਿਆ ਹਾਂ। ਪਰ ਮੈਂ ਆਪਣਾ ਫਰਜ਼ ਸਮਝਦਾ ਹਾਂ। ਇਸੇ ਕਰਕੇ ਮੈਨੂੰ ਇੱਥੇ ਰਹਿਣਾ ਪਿਆ।

ਮੈਂ ਸਭਿਅਤਾ ਨਾਲ ਲੜ ਰਿਹਾ ਹਾਂ, ਇੱਥੇ ਕਰੋੜਪਤੀ ਮਾਰਵਾੜੀਆਂ ਦੇ ਘਰਾਂ ਵਿੱਚ ਕੀ ਦਿਖਾਈ ਦੇਵੇਗਾ? ਉਨ੍ਹਾਂ ਦੇ ਘਰਾਂ ਵਿੱਚ ਮੂਰਤੀਆਂ, ਫਰਨੀਚਰ, ਪੇਂਟਿੰਗਜ਼ ਅਤੇ ਕਿਤਾਬਾਂ ਨਜ਼ਰ ਨਹੀਂ ਆਉਣਗੀਆਂ। ਇਹੀ ਗੱਲ ਬ੍ਰਾਹਮਣਾਂ ਬਾਰੇ। ਜਿਵੇਂ ਹੀ ਬ੍ਰਾਹਮਣ ਕਲਰਕ ਨੂੰ ਆਪਣੀ ਤਨਖਾਹ ਮਿਲਦੀ ਹੈ, ਉਹ ਸਭ ਤੋਂ ਪਹਿਲਾਂ ਆਪਣੀ ਪਤਨੀ ਲਈ ਸੋਨੇ ਦੇ ਗਹਿਣੇ ਬਣਾਉਣਾ ਕਰਦਾ ਹੈ। ਕਿਉਂਕਿ ਸੰਕਟ ਦੇ ਸਮੇਂ ਕੰਮ ਆਉਂਦਾ ਹੈ।

ਜੇ ਇਸ ਸੰਸਾਰ ਵਿੱਚ ਜਿੰਦਾ ਰਹਿਣਾ ਹੀ ਇੱਕੋ ਇੱਕ ਟੀਚਾ ਹੈ, ਤਾਂ ਜਾਨਵਰਾਂ ਅਤੇ ਮਨੁੱਖਾਂ ਵਿੱਚ ਕੀ ਅੰਤਰ ਹੈ? ਮਨੁੱਖ ਸੁੰਦਰਤਾ ਨੂੰ ਜੋੜ ਸਕਦਾ ਹੈ, ਜਾਨਵਰ ਅਜਿਹਾ ਨਹੀਂ ਕਰ ਸਕਦਾ। ਸੁੰਦਰਤਾ ਸਿਰਫ਼ ਕਾਲਰ ਚੁੱਕਣ ਨਾਲ ਜਾਂ ਗਲੇ ਵਿਚ ਟਾਈ ਟੰਗਣ ਨਾਲ ਨਹੀਂ ਵਧਦੀ।

ਅੱਜ ਤੱਕ ਮੈਂ ਅਠਾਰਾਂ ਜਾਂ ਉਨ੍ਹੀ ਵਾਰ ਵਿਦੇਸ਼ ਗਿਆ ਹਾਂ। ਮੇਰੇ ਨਾਲ ਕਈ ਲੋਕ ਵੀ ਆਏ। ਅੱਜ ਵਰਨਾਸ਼ਰਮ ਧਰਮ ਸਭ ਨੇ ਪ੍ਰਵਾਨ ਕੀਤਾ ਹੈ! ਵਿਦੇਸ਼ ਫੇਰੀ ਦਾ ਉਨ੍ਹਾਂ 'ਤੇ ਕੋਈ ਅਸਰ ਪੈਂਦਾ ਨਜ਼ਰ ਨਹੀਂ ਆ ਰਿਹਾ, ਕੀ ਹੈ ਜਿੰਦਗੀ ਉਹਨਾ ਦੀ। ਉਹ ਹਿੰਦੂ ਧਰਮ ਦੀ ਸਾਰੀ ਗੰਦਗੀ ਨੂੰ ਸਵੀਕਾਰ ਕਰਦੇ ਹਨ। ਤੁਸੀਂ ਗੰਦਗੀ ਵਿੱਚ ਪਏ ਰਤਨ ਹੋਂ। ਤੁਹਾਡੀ ਹਾਲਤ ਬਹੁਤ ਗੰਦੇ ਪਾਣੀ ਵਿੱਚ ਅਤਰ ਦੀ ਇੱਕ ਬੂੰਦ ਵਰਗੀ ਹੈ।

ਤੁਹਾਡੇ ਮਾਪੇ ਪੜ੍ਹੇ-ਲਿਖੇ ਨਹੀਂ ਹਨ। ਘਰ ਵਿੱਚ ਦਲਿਦਰਤਾ ਦਾ ਸਾਮਰਾਜ ਹੈ। ਇਸ ਲਈ ਇਸ ਗੰਦਗੀ ਨੂੰ ਸਾਫ਼ ਕਰਨਾ ਤੁਹਾਡਾ ਫ਼ਰਜ ਹੈ।

ਮੈਂ ਬਾਈਬਲ ਵਿਚ ਪੜ੍ਹਿਆ ਹੈ ਕਿ ਜੇ ਨਮਕ ਅਲੂਣਾ ਹੋ ਜਾਵੇਗਾ ਤਾਂ ਹੋਰ ਚੀਜ਼ਾਂ ਦਾ ਸੁਆਦ ਕਿਵੇਂ ਆਵੇਗਾ? ਕੋਈ ਵੀ ਕੰਮ ਕਰਨ ਲਈ ਆਪਣੇ ਅੰਦਰ ਚੰਗੇ ਗੁਣਾਂ ਦਾ ਹੋਣਾ ਜ਼ਰੂਰੀ ਹੈ। ਅਤੇ ਗੁਣਾਂ ਦੀ ਸਥਿਰਤਾ ਲਈ, ਘੱਟੋ-ਘੱਟ ਇੱਕ ਪੀੜ੍ਹੀ ਦਾ ਬੀਤਣਾ ਜ਼ਰੂਰੀ ਹੈ। ਤੁਸੀਂ ਆਪਣੇ ਆਪ ਨੂੰ ਸੁਧਾਰੇ ਬਿਨਾਂ ਦੂਜਿਆਂ ਨੂੰ ਕਿਵੇਂ ਸੁਧਾਰ ਸਕਦੇ ਹੋ? ਸੁਧਾਰ ਦੀਆਂ ਜੜ੍ਹਾਂ ਵਿਰਾਸਤ ਵਿੱਚ ਹੋਣੀਆਂ ਚਾਹੀਦੀਆਂ ਹਨ।

"ਇਕੁਐਲਿਟੀ ਐਂਡ ਜਸਟਿਸ"
Rs- 100/month
"Equality and Justice"
स्वतंत्रता, समानता, भाईचारा

ਜੇਕਰ ਤੁਹਾਡੇ ਅੰਦਰ ਗੁਣਾਂ ਦੀ ਕਮੀ ਹੈ ਤਾਂ ਉਨ੍ਹਾਂ ਨੂੰ ਹਾਸਲ ਕਰਨ ਦੀ ਪੂਰੀ ਕੋਸ਼ਿਸ਼ ਕਰੋ।

ਤੁਹਾਡੇ ਵਿੱਚੋਂ ਬਹੁਤੇ ਅਣਵਿਆਹੇ ਹੋਣਗੇ। ਕਈ ਵਿਆਹੇ ਵੀ ਹੋ ਸਕਦੇ ਹਨ। ਪਰ ਵਿਆਹ ਤੋਂ ਬਾਅਦ ਤੁਸੀਂ ਕੀ ਕਰਨ ਜਾ ਰਹੇ ਹੋ? ਇਸ ਸਬੰਧ ਵਿਚ ਤੁਹਾਡੀ ਬਹੁਤ ਵੱਡੀ ਜ਼ਿੰਮੇਵਾਰੀ ਹੈ। ਤੁਹਾਡੇ ਪਿਤਾ ਦੀ ਉਦਾਹਰਣ ਦੇਣ ਦੀ ਬਜਾਏ, ਮੈਂ ਤੁਹਾਨੂੰ ਆਪਣੇ ਪਿਤਾ ਦੀ ਉਦਾਹਰਣ ਦਿੰਦਾ ਹਾਂ, ਉਨ੍ਹਾਂ ਦੇ ਕੁੱਲ ਚੌਦਾਂ ਬੱਚੇ ਸਨ। ਮੈਂ ਉਸਦਾ ਚੌਦਵਾਂ ਰਤਨ ਹਾਂ! ਪਰ ਜਦੋਂ ਮੈਂ ਫਿਨਸਟਨ ਕਾਲਜ ਵਿੱਚ ਸੀ ਤਾਂ ਮੇਰੀ ਹਾਲਤ ਕੀ ਸੀ? ਮੇਰੇ ਕੋਲ ਚੱਪਲਾਂ ਨਹੀਂ ਸਨ। ਲੱਠੇ ਦੀ ਕਮੀਜ਼ ਅਤੇ ਪਿਤਾ ਦਾ ਫਟਿਆ ਕੋਟ ਪਹਿਨਦਾ ਸੀ। ਐਲਫਿੰਸਟਨ ਕਾਲਜ ਵਿੱਚ ਜਾਓ ਤਾਂ ਉੱਥੇ ਭੁੱਲਰ ਸਾਹਿਬ ਦੀ ਤਸਵੀਰ ਦਿਖਾਈ ਦੇਵੇਗੀ। ਕਾਲਜ ਦੇ ਪਿਛਲੇ ਦੋ ਸਾਲਾਂ ਵਿੱਚ ਉਨ੍ਹਾਂ ਨੇ ਮੈਨੂੰ ਕਮੀਜ਼ ਪਹਿਨਣ ਲਈ ਦਿੱਤੇ। ਫਿਰ ਮੇਰੇ ਮਨ ਵਿਚ ਖਿਆਲ ਆਇਆ ਕਿ ਜੇਕਰ ਮੇਰੇ ਪਿਤਾ ਜੀ ਚੌਦਾਂ ਦੀ ਥਾਂ ਚਾਰ ਬੱਚੇ ਹੁੰਦੇ ਤਾਂ ਮੈਂ ਸੁਖੀ ਜੀਵਨ ਜੀ ਸਕਦਾ ਹੁੰਦਾ। ਮੇਰੇ ਦੁੱਖ ਲਈ ਮੇਰੇ ਪਿਤਾ ਜ਼ਿੰਮੇਵਾਰ ਸਨ।

ਇੱਕ ਵਾਰ ਕਾਲਜ ਜਾਂਦੇ ਸਮੇਂ ਮੈਂ ਆਪਣਾ ਟਰੇਨ ਪਾਸ ਘਰ ਹੀ ਭੁੱਲ ਗਿਆ। ਉਸੇ ਦਿਨ ਪਾਸਾਂ ਦੀ ਜਾਂਚ ਕੀਤੀ ਜਾਣੀ ਸੀ। ਟਿਕਟ ਚੈਕ ਕਰਨ ਵਾਲੇ ਮਾਸਟਰ ਨੇ ਮੈਨੂੰ ਰੋਕਿਆ। ਮੇਰੇ ਕੋਲ ਇੱਕ ਪੈਸਾ ਵੀ ਨਹੀਂ ਸੀ। ਮੈਂ ਚਾਰ ਵਜੇ ਤੱਕ ਚਰਚਗੇਟ ਸਟੇਸ਼ਨ 'ਤੇ ਬੈਠਾ ਰਿਹਾ। ਬਾਅਦ ਵਿਚ ਮੇਰੀ ਜਮਾਤ ਦਾ ਕੈਂਕਣੀ ਨਾਂਮ ਦਾ ਮੁੰਡਾ ਉਥੇ ਆਇਆ। ਉਸਨੇ ਪੁੱਛਿਆ, "ਕਿਉਂ? ਤੂੰ ਇੱਥੇ ਕਿਉਂ ਬੈਠਾ ਹੈਂ?" ਮੈਂ ਉਸਨੂੰ ਸਭ ਕੁਝ ਦੱਸ ਦਿੱਤਾ। ਉਸਨੇ ਮੈਨੂੰ ਚਾਰ ਆਨੇ ਦੇ ਕੇ ਆਜ਼ਾਦ ਕਰ ਦਿੱਤਾ, ਉਸਨੇ ਟਿਕਟ ਲੈ ਕੇ ਮੈਨੂੰ ਘਰ ਭੇਜ ਦਿੱਤਾ। ਇਸ ਲਈ ਮੈਂ ਇਸ ਮਾਮਲੇ ਵਿੱਚ ਆਪਮੇ ਪਿਤਾ ਨੂੰ ਦੋਸ਼ ਦਿੰਦਾ ਹਾਂ। ਕਿਉਂਕਿ ਉਸ ਨੇ ਆਪਣੀ ਜ਼ਿੰਮੇਵਾਰੀ ਨਹੀਂ ਪਛਾਣੀ। ਮੈਂ ਆਪਣੇ ਪਿਤਾ ਨੂੰ ਇਹ ਦੱਸਣਾ ਗਲਤ ਨਹੀਂ ਸਮਝਦਾ ਕਿ ਜੇਕਰ ਉਹ ਗਲਤੀ ਕਰ ਰਹੇ ਹਨ। ਹੁਣ ਇਹ ਜ਼ਿੰਮੇਵਾਰੀ ਤੁਹਾਡੀ ਹੈ। ਮੈਂ ਸਿਰਫ਼ ਮਰਦਾਂ ਲਈ ਨਹੀਂ ਬੋਲਦਾ, ਇਸੇ ਤਰ੍ਹਾਂ ਔਰਤਾਂ ਦੀ ਵੀ ਜ਼ਿੰਮੇਵਾਰੀ ਬਣਦੀ ਹੈ। ਔਰਤਾਂ ਨੂੰ ਵੀ ਆਪਣੀ ਜ਼ਿੰਮੇਵਾਰੀ ਦਾ ਪਤਾ ਹੋਣਾ ਚਾਹੀਦਾ ਹੈ। ਤੁਹਾਨੂੰ ਇਸ ਬਾਰੇ ਸੋਚਣਾ ਪਵੇਗਾ।

ਤੁਸੀਂ ਨੌਕਰੀ 'ਤੇ ਚਲੇ ਜਾਓਗੇ, ਮੈਨੂੰ ਲਗਦਾ ਹੈ ਕਿ ਤੁਹਾਡੇ ਵਿੱਚੋਂ ਬਹੁਤੇ ਬਾਬੂ ਬਣ ਜਾਣਗੇ। ਲਗਭਗ 50-60 ਰੁਪਏ। ਤੁਹਾਨੂੰ ਰੁਪਏ ਦੀ ਤਨਖਾਹ ਮਿਲੇਗੀ। ਜੇ ਤੁਹਾਡੇ ਚੌਦਾਂ ਬੱਚੇ ਹਨ, ਤਾਂ ਉਨ੍ਹਾਂ ਦਾ ਭਵਿੱਖ ਕੀ ਹੋਵੇਗਾ? ਕੀ ਤੁਸੀਂ ਉਨ੍ਹਾਂ ਦੀ ਜ਼ਿੰਮੇਵਾਰੀ ਸਮਾਜ 'ਤੇ ਪਾਓਗੇ? ਇਸ ਬਾਰੇ ਧਿਆਨ ਨਾਲ ਸੋਚੋ. ਹੋ ਸਕਦਾ ਹੈ ਕਿ ਤੁਸੀਂ ਸਨਿਆਸ ਨਾ ਲੈਣਾ ਚਾਹੋ ਪਰ ਜੇਕਰ ਕੋਈ ਸਨਿਆਸ ਲੈ ਲਵੇ ਤਾਂ ਚੰਗਾ ਹੋਵੇਗਾ। (ਹਾਸਾ) ਹੱਸੋ ਨਾ। ਇਹ ਬਹੁਤ ਜ਼ਰੂਰੀ ਗੱਲ ਹੈ।

ਮੇਰੇ ਪੰਜ ਬੱਚੇ ਹਨ। ਇਨ੍ਹਾਂ ਵਿੱਚੋਂ ਚਾਰ ਦੀ ਮੌਤ ਹੋ ਗਈ। ਹੁਣ ਮੈਨੂੰ ਇਸ ਦਾ ਪਛਤਾਵਾ ਨਹੀਂ ਹੈ, ਇਸ ਦੇ ਉਲਟ ਮੈਂ ਖੁਸ਼ ਮਹਿਸੂਸ ਕਰਦਾ ਹਾਂ। ਜੇਕਰ ਇਹ ਬੱਚੇ ਜਿਉਂਦੇ ਹੁੰਦੇ ਤਾਂ ਇਨ੍ਹਾਂ ਦੀ ਪੜ੍ਹਾਈ, ਭੋਜਨ, ਰਹਿਣ-ਸਹਿਣ ਆਦਿ ਦਾ ਬੋਝ ਮੇਰੇ 'ਤੇ ਹੁੰਦਾ। ਇਹ ਮੇਰੇ ਲਈ ਮੁਸੀਬਤ ਦਾ ਕਾਰਨ ਬਣੇਗਾ। ਮੇਰਾ ਇੱਕ ਹੀ ਪੁੱਤਰ ਹੈ। ਇਸ ਦੀ ਪੂਰੀ ਜ਼ਿੰਮੇਵਾਰੀ ਮੇਰੀ ਹੈ। ਬਿਹਤਰ ਹੋਵੇਗਾ ਜੇਕਰ ਤੁਸੀਂ ਆਪਣੇ ਬੱਚਿਆਂ ਪ੍ਰਤੀ 100% ਜ਼ਿੰਮੇਵਾਰੀ ਦਿਖਾਓ। ਇਹ ਸਮਾਜ ਦੀ ਭਲਾਈ ਦਾ ਮਾਮਲਾ ਹੈ। ਜੇ ਤੁਹਾਡੇ ਪੰਜ-ਛੇ ਬੱਚੇ ਹਨ ਤਾਂ ਉਨ੍ਹਾਂ ਨੂੰ ਪੜ੍ਹਾਇਆ ਕਿਵੇਂ ਜਾਵੇਗਾ? ਤੁਸੀਂ ਉਨ੍ਹਾਂ ਦੀਆਂ ਬਾਕੀ ਲੋੜਾਂ ਕਿਵੇਂ ਪੂਰੀਆਂ ਕਰੋਗੇ? ਇਸ ਲਈ ਜ਼ਿੰਮੇਵਾਰੀ ਵਧਾਉਣ ਦੀ ਬਜਾਏ ਇਸ ਨੂੰ ਘਟਾਉਣਾ ਹੀ ਅਕਲਮੰਦੀ ਹੈ।

ਮਰਦਾਂ ਅਤੇ ਔਰਤਾਂ ਦਾ ਪਸ਼ੂਆਂ ਵਾਂਗ ਰਹਿਣਾ ਮਨੁੱਖਤਾ ਦਾ ਅਪਮਾਨ ਹੈ। ਤੁਹਾਨੂੰ ਇਸ ਬਾਰੇ ਜ਼ਰੂਰ ਸੋਚਣਾ ਚਾਹੀਦਾ ਹੈ।

ਐਵੇਂ ਤਾਂ ਨੀ ਸਿਰਾਂ ਦੇ ਉੱਤੇ ਤਾਜ ਸਜ਼ਦੇ, ਮਿਹਨਤਾਂ ਹੀ, ਜਿੰਦਗੀ ਚ ਰੰਗ ਲਾਉਂਦੀਆਂ।
ਸੁੱਤਿਆਂ ਦੇ ਸਿਰਾਂ ਤੇ ਨੀ ਤਾਜ ਸਜ਼ਦੇ, ਮਿਹਨਤਾਂ ਹੀ, ਜਿੰਦਗੀ ਚ ਰੰਗ ਲਾਉਂਦੀਆਂ।
ਜਿਹਨਾਂ ਦਿਆਂ ਸਿਰਾਂ ਤੇ ਜਨੂੰਨ ਬੋਲਦਾ, ਰਾਤਾਂ ਨੂੰ ਨਾਂ, ਉਹਨਾਂ ਨੂੰ ਨੀਂਦਾਂ ਆਉਂਦੀਆਂ।

# 'ਸਮਾਜ ਜ਼ੋੜੋ ਅੱਗੇ ਵੱਧੋ', ਮੁਹਿੰਮ ਤਹਿਤ ਆਦਿਵਾਸੀ ਸਮਾਜ ਸੰਗਠਨ ਨੇ ਕੀਤਾ ਵਾਰਡ ਪੱਧਰ ਤੇ ਪੰਜ ਮੈਂਬਰੀ ਕਮੇਟੀ ਦਾ ਗਠਨ

## ਸਾਹਿਲ ਕੰਡਾਰਾ ਵਾਰਡ ਨੰਬਰ 23 ਤੋਂ ਵਾਰਡ ਪ੍ਰਧਾਨ ਨਿਯੁਕਤ

"Equality and justice"
Patiala 07 November
INTERNATIONAL PAPER, 94636 01616
hardipchumber57@gmail.com



ਪਟਿਆਲਾ : ( ) ਅਨੁਸੂਚਿਤ ਜਨਜਾਤੀਆਂ ਦੇ ਆਰਥਿਕ ਸੁਧਾਰ, ਸਮਾਜਿਕ ਸਨਮਾਨ ਆਦਿ ਉਦੇਸ਼ਾਂ ਦੀ ਪ੍ਰਾਪਤੀ ਲਈ ਆਦਿਵਾਸੀ ਸਮਾਜ ਸੰਗਠਨ ਵਲੋਂ ਕੌਮੀ ਪ੍ਰਧਾਨ ਰਾਮ ਲਾਲ ਰਾਮੂ ਦੀ ਅਗਵਾਈ ਵਿੱਚ ਸਮਾਜ ਜ਼ੋੜੋ ਅੱਗੇ ਵੱਧੋ ਜਾਗਰੂਕਤਾ ਅਭਿਆਨ ਚਲਾਇਆ ਜਾ ਰਿਹਾ ਹੈ ਅਤੇ ਵਾਰਡ ਪੱਧਰ ਤੇ 5 ਮੈਂਬਰੀ ਕਮੇਟੀਆਂ ਦਾ ਗਠਨ ਕਰ ਵਾਰਡ ਪ੍ਰਧਾਨਾ ਦੀਆਂ ਨਿਯੁਕਤੀਆਂ ਕੀਤੀਆਂ ਜਾ ਰਹੀਆਂ ਹਨ। ਜਿਸਦੇ ਤਹਿਤ ਵਾਰਡ ਨੰਬਰ 23 ਅਧੀਨ ਆਉਂਦੇ ਸਫਾਬਾਦੀ ਗੇਟ ਨਜਦੀਕ ਭੀਮ ਨਗਰ ਵਿਖੇ ਢੇਹਾ ਭਾਈਚਾਰੇ ਵਲੋਂ ਇੱਕ ਭਰਵੀਂ ਮੀਟਿੰਗ ਕੀਤੀ ਗਈ। ਜਿਸ ਵਿੱਚ ਆਦਿਵਾਸੀ ਸਮਾਜ ਸੰਗਠਨ ਦੇ ਮੋਹਰੀ ਆਗੂ ਕੌਮੀ ਪ੍ਰਧਾਨ ਰਾਮ ਲਾਲ ਰਾਮੂ ਅਤੇ ਸੀਨੀਅਰ ਆਗੂ ਰਾਮ ਕੁਮਾਰ ਕੰਡਾਰਾਵੱਲੋਂ ਵਿਸ਼ੇਸ਼ ਤੋਰ ਤੇ ਸ਼ਮੂਲੀਅਤ ਕੀਤੀ ਗਈ। ਜਿਸ ਦੌਰਾਨ ਵਾਰਡ ਨੰਬਰ 29 ਤੋਂ ਵਾਰਡ ਪ੍ਰਧਾਨ ਬਲਬੀਰ ਚੰਦ ਵੀ ਮੀਟਿੰਗ ਵਿੱਚ ਸ਼ਾਮਲ ਹੋਏ। ਵਿਚਾਰ ਚਰਚਾ ਕਰਨ ਉਪਰੰਤ ਵਾਰਡ ਨੰਬਰ 23 ਤੋਂ ਸਾਹਿਲ ਕੰਡਾਰਾ ਦੀ ਵਾਰਡ ਪ੍ਰਧਾਨ ਵਜੋਂ ਸਰਵ ਸੰਮਤੀ ਨਾਲ ਨਿਯੁਕਤੀ ਕੀਤੀ ਗਈ। ਇਸ ਦੇ ਨਾਲ ਹੀ ਰਿੰਪੀ ਕੁਮਾਰ, ਚੰਦਨ ਕੁਮਾਰ, ਅਕਬਰ ਅਤੇ ਮੈਕਸੀ ਨੂੰ ਵੀ ਆਹੁਦੇਦਾਰੀ ਵਜੋਂ ਜਿੰਮੇਵਾਰੀਆਂ ਸੌਂਪ ਕੇ ਵਾਰਡ ਪੱਧਰ ਤੇ 5 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ। ਇਸ ਮੌਕੇ ਕੌਮੀ ਪ੍ਰਧਾਨ ਰਾਮ ਲਾਲ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਨੁਸੂਚਿਤ ਜਨ ਜਾਤੀਆ ਦੇਸ਼ ਦੇ ਤਾਣੇ ਬਾਣੇ ਦਾ ਇੱਕ ਅਹਿਮ ਅੰਗ ਹੈ, ਜ਼ੋ ਕਿ ਸਿੱਖਿਅਤ ਨਾ ਹੋਣ ਕਾਰਨ ਅਤੇ ਜਾਗਰੂਕਤਾ ਦੀ ਘਾਟ ਕਾਰਨ ਆਰਥਿਕ ਤੌਰ ਤੇ ਪਛੜਿਆਂ ਹੋਈਆਂ ਹਨ। ਜ਼ਿਨ੍ਹਾਂ ਨੂੰ ਗਰੀਬੀ ਰੇਖਾ ਤੋਂ ਉਪਰ ਚੁਕਣ ਲਈ ਸਮੇਂ ਦੀਆਂ ਸਰਕਾਰਾਂ ਨੇ ਠੋਸ ਕਦਮ ਨਹੀਂ ਚੁੱਕੇ। ਇਸ ਲਈ ਸਮਾਜਿਕ ਚੇਤਨਾ, ਸਿੱਖਿਆ ਪ੍ਰਤੀ ਜਾਗਰੂਕਤਾ ਅਤੇ ਸੰਘਰਸ਼ ਨਾਲ ਹੀ ਅਦਿਵਾਸੀ ਸਮਾਜ ਦਾ ਵਿਕਾਸ ਸੰਭਵ ਹੈ। ਇਸ ਮੌਕੇ ਸਮਾਜ ਹਿੱਤ ਵਿੱਚ ਕਾਰਜ ਕਰਨ, ਸਮਾਜ ਨੂੰ ਗੰਦਲਾ ਕਰਨ ਵਾਲੀਆਂ ਕੁਰੀਤੀਆਂ ਦੇ ਖਾਤਮੇ ਦਾ ਸੰਕਲਪ ਵੀ ਦੁਆਇਆ ਗਿਆ। ਇਸ ਮੌਕੇ ਬਲਬੀਰ ਚੰਦ, ਰੋਕੀ ਘਨੌਰ, ਬੱਲੀ, ਸਲਮਾਨ, ਗੁਲਸ਼ਨ ਕੁਮਾਰ, ਰਾਮਾ ਰਾਮ, ਸ਼ਾਕਾ ਕੁਮਾਰ, ਗੋਗੀ, ਜੈਮਸ, ਲਛਮਣ, ਸਤਪਾਲ ਪ੍ਰਧਾਨ, ਰਾਜੇਸ਼ ਕੁਮਾਰ ਆਦਿ ਹਾਜਰ ਸਨ।

# ਸ਼ਾਂਤਮਈ ਧਰਨੇ ਨੂੰ ਜ਼ਬਰੀ ਚੁੱਕਣ ਦੇ ਵਿਰੋਧ ਵਿੱਚ ਕੰਪਿਊਟਰ ਅਧਿਆਪਕ 8 ਨਵੰਬਰ ਨੂੰ ਤਰਨ ਤਾਰਨ ਹਲਕੇ ਵਿੱਚ ਕਰਨਗੇ "ਝੰਡਾ ਮਾਰਚ ਮਹਾਂ ਰੈਲੀ"

"Equality and justice"
Patiala 07 November
INTERNATIONAL PAPER, 94636 01616
hardipchumber57@gmail.com




ਤਰਨਤਾਰਨ 06 ਨਵੰਬਰ ਜ਼ਿਕਰਯੋਗ ਹੈ ਕਿ ਆਪ ਸਰਕਾਰ ਦੇ ਐਮ.ਐਲ.ਏ ਉਮੀਦਵਾਰ ਹਰਮੀਤ ਸਿੰਘ ਸੰਧੂ ਦੇ ਘਰ ਦੇ ਸਾਹਮਣੇ ਸ਼ਾਂਤਮਈ ਢੰਗ ਨਾਲ ਧਰਨਾ ਲਗਾਈ ਬੈਠੇ ਕੰਪਿਊਟਰ ਅਧਿਆਪਕਾਂ ਦੇ ਧਰਨੇ ਨੂੰ ਪਿਛਲੇ ਦਿਨੀਂ ਸਥਾਨਕ ਪੁਲਿਸ ਪ੍ਰਸ਼ਾਸਨ ਨੇ ਪੰਜਾਬ ਸਰਕਾਰ ਦੇ ਇਸ਼ਾਰੇ ਤੇ ਜ਼ਬਰੀ ਪੁੱਟ ਦਿੱਤਾ ਗਿਆ ਅਤੇ ਕੁਝ ਸਮੇਂ ਲਈ ਉੱਥੇ ਮੌਜੂਦ ਸਾਥੀਆਂ ਨੂੰ ਗ੍ਰਿਫਤਾਰ ਕਰਕੇ ਗਾਂਧੀ ਪਾਰਕ ਵਿਖੇ ਨਜ਼ਰਬੰਦ ਕਰ ਦਿੱਤਾ ਗਿਆ ਸੀ। ਇਨਾਂ ਹੀ ਨਹੀਂ ਸਗੋਂ ਜਦੋਂ ਅਧਿਆਪਕਾਂ ਵੱਲੋਂ ਇਸ ਦੇ ਵਿਰੋਧ ਵਜੋਂ ਸਰਕਾਰ ਦੀ ਅਰਥੀ ਫੂਕਣ ਦੀ ਕੋਸ਼ਿਸ਼ ਕੀਤੀ ਗਈ ਤਾਂ ਪੁਲਿਸ ਪ੍ਰਸ਼ਾਸਨ ਵੱਲੋਂ ਦੇ ਘੰਟੇ ਇਹਨਾਂ ਅਧਿਆਪਕਾਂ ਦੇ ਨਾਲ ਖਿੱਚ ਧੂਹ, ਧੱਕਾ ਮੁੱਕੀ ਅਤੇ ਲਾਠੀ ਚਾਰਜ ਕੀਤਾ ਗਿਆ। ਸਰਕਾਰ ਵੱਲੋਂ ਤਾਨਾਸ਼ਾਹੀ ਰਵਈਆ ਅਪਣਾਉਂਦੇ ਹੋਏ ਬਹੁਤ ਹੀ ਵੱਡੀ ਗਿਣਤੀ ਵਿੱਚ ਫੌਜ ਦੇ ਜਵਾਨ ਅਤੇ ਪੁਲਿਸ ਪ੍ਰਸ਼ਾਸਨ ਇਹਨਾਂ ਪ੍ਰਦਰਸ਼ਨਕਾਰੀਆਂ ਨੂੰ ਰੋਕਣ ਦੇ ਲਈ ਲਗਾਏ ਗਏ। ਇਦਾਂ ਲੱਗ ਰਿਹਾ ਸੀ ਜਿਵੇਂ ਪ੍ਰਦਰਸ਼ਨ ਕਰਨ ਵਾਲੇ ਅਧਿਆਪਕ ਨਾ ਹੋ ਕੇ ਅੱਤਵਾਦੀ ਹੋਣ। ਅਜਿਹਾ ਸ਼ਰਮਨਾਕ ਕਾਰਾ ਕਰਕੇ ਪੰਜਾਬ ਸਰਕਾਰ ਨੇ ਲੋਕ ਵਿਰੋਧੀ ਹੋਣ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ। ਜਿਸਦਾ ਸਮੂਹ ਅਧਿਆਪਕ ਵਰਗ ਵੱਲੋਂ ਪੁਰਜ਼ੋਰ ਵਿਰੋਧ ਕੀਤਾ ਜਾ ਰਿਹਾ ਹੈ ਅਤੇ ਸਰਕਾਰ ਦੀ ਹਰ ਜਗ੍ਹਾ ਕਿਰਕਰੀ ਹੋ ਰਹੀ ਹੈ।ਵਿਰੋਧੀਆਂ ਵੱਲੋਂ ਵੀ ਸਰਕਾਰ ਨੂੰ ਇਸ ਮੁੱਦੇ ਤੇ ਘੇਰਿਆ ਜਾ ਰਿਹਾ ਹੈ।

ਅਜ ਜਦੋਂ ਕਿ ਅਸੀਂ ਇੱਕ ਵੈਲਫੇਅਰ ਸਟੇਟ ਵਿੱਚ ਰਹਿ ਰਹੇ ਹਾਂ। ਆਜ਼ਾਦ ਦੇਸ਼ ਦੇ ਵਾਸੀ ਹਾਂ ਅਤੇ ਕਾਨੂੰਨ ਵੀ ਆਪਣੇ ਹੱਕਾਂ ਲਈ ਆਵਾਜ਼ ਉਠਾਉਣ ਦੇ ਲਈ ਧਰਨੇ ਮੁਜਾਹਰੇ ਕਰਨ ਦੀ ਇਜਾਜ਼ਤ ਦਿੰਦਾ ਹੈ ਤਾਂ ਫਿਰ ਇਹ ਸ਼ਰਮਨਾਕ ਕਾਰਾ ਕਰਕੇ ਪੰਜਾਬ ਸਰਕਾਰ ਨੇ ਲੋਕ ਵਿਰੋਧੀ ਸਰਕਾਰ ਹੋਣ ਦਾ ਸਬੂਤ ਦਿੱਤਾ ਹੈ ਤੇ ਲੋਕਾਂ ਦੀ ਆਵਾਜ਼ ਦਬਾਉਣ ਦੀ ਕੋਸ਼ਿਸ਼ ਕੀਤੀ। ਕੰਪਿਊਟਰ ਅਧਿਆਪਕ ਸੰਘਰਸ਼ ਕਮੇਟੀ ਪੰਜਾਬ ਦੇ ਆਗੂਆਂ ਨੇ ਉਪਰੋਕਤ ਜਾਣਕਾਰੀ ਦਿੰਦੇ ਹੋਏ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕੀਤੀ ਗਈ ਇਸ ਕਾਰਵਾਈ ਦੇ ਵਿਰੋਧ ਵਜੋਂ ਅਤੇ ਪਿਛਲੇ ਕਾਫੀ ਲੰਬੇ ਸਮੇਂ ਤੋਂ ਕੰਪਿਊਟਰ ਅਧਿਆਪਕਾਂ ਨੂੰ ਹੱਕਾਂ ਤੋਂ ਵਾਂਝਾ ਰੱਖਣ ਦੇ ਵਿਰੋਧ ਵਜੋਂ 8 ਨਵੰਬਰ ਦਿਨ ਸ਼ਨੀਵਾਰ ਨੂੰ ਤਰਨਤਾਰਨ ਦੇ ਸਾਰੇ ਪਿੰਡਾਂ/ ਕਸਬਿਆਂ ਵਿੱਚ ਕੰਪਿਊਟਰ ਅਧਿਆਪਕਾਂ ਵੱਲੋਂ ਵੱਡੇ ਜਨਸਮੂਹ ਦੇ ਰੂਪ ਵਿੱਚ ਝੰਡਾ ਮਾਰਚ ਰੋਸ਼ ਰੈਲੀ ਕੀਤੀ ਜਾਵੇਗੀ ਅਤੇ ਇਸ ਸਰਕਾਰ ਦੀ ਗਲਤ ਅਤੇ ਲੋਕ ਮਾਰੂ ਨੀਤੀਆਂ ਨੂੰ ਲੋਕਾਂ ਸਾਹਮਣੇ ਪੇਸ਼ ਕੀਤਾ ਜਾਵੇਗਾ ਤਾਂ ਜੋ ਜਿਮਨੀ ਚੋਣ ਵਿੱਚ ਪੂਰੇ ਤਰਨਤਾਰਨ ਜਿਲੇ ਦੇ ਲੋਕਾਂ ਨੂੰ ਸਰਕਾਰ ਦਾ ਅਸਲੀ ਚਿਹਰਾ ਵਿਖਾਇਆ ਜਾ ਸਕੇ। ਜਿਸਦੀ ਪੂਰਨ ਜੁੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।

# ਬਲਾਕ ਬਚਾਓ ਸੰਘਰਸ਼ ਕਮੇਟੀ ਨੇ ਸਰਕਾਰ ਦੀ ਕੁੰਭਕਰਨੀ ਨੀਂਦ ਤੋੜਨ ਲਈ ਲਿਆ ਸਖ਼ਤ ਫ਼ੈਸਲਾ

## ਔੜ ਬਲਾਕ ਦੀ ਮੁੜ-ਬਹਾਲੀ ਲਈ 25 ਨਵੰਬਰ ਨੂੰ ਕੀਤਾ ਜਾਵੇਗਾ ਚੱਕਾ ਜਾਮ

"Equality and justice"
Patiala 07 November
INTERNATIONAL PAPER, 94636 01616
hardipchumber57@gmail.com



ਔੜ, 6 ਨਵੰਬਰ (): 'ਬਲਾਕ ਬਚਾਓ ਸੰਘਰਸ਼ ਕਮੇਟੀ' ਨੇ ਹੰਗਾਮੀ ਮੀਟਿੰਗ ਕਰਕੇ ਔੜ ਬਲਾਕ ਦੀ ਮੁੜ-ਬਹਾਲੀ ਲਈ ਸੰਘਰਸ਼ ਤੇਜ਼ ਕਰਨ ਦਾ ਫ਼ੈਸਲਾ ਕੀਤਾ ਹੈ। ਮੀਟਿੰਗ ਵਿਚ ਹਾਜ਼ਰ ਸਰਪੰਚਾਂ, ਵੱਖ-ਵੱਖ ਰਾਜਨੀਤਕ ਧਿਰਾਂ ਅਤੇ ਸਮਾਜ ਸੇਵੀ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਨੋਟ ਕੀਤਾ ਕਿ ਔੜ ਬਲਾਕ ਦੀਆਂ 74 ਪੰਚਾਇਤਾਂ ਵੱਲੋਂ ਬਲਾਕ ਨੂੰ ਤੋੜਨ ਵਿਰੁੱਧ ਲਿਖਤੀ ਮਤੇ ਪਾ ਕੇ ਤੇ ਬਲਾਕ ਦੇ ਲੋਕਾਂ ਵੱਲੋਂ ਧਰਨੇ-ਪ੍ਰਦਰਸ਼ਨ ਕਰਕੇ ਵਿਆਪਕ ਪੱਧਰ 'ਤੇ ਵਿਰੋਧ ਪ੍ਰਗਟਾਇਆ ਗਿਆ। ਡਿਪਟੀ ਕਮਿਸ਼ਨਰ ਐਸ.ਬੀ.ਐੱਸ. ਨਗਰ ਅਤੇ ਪ੍ਰਬੰਧਕੀ ਸਕੱਤਰ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਰਾਹੀਂ ਪੰਜਾਬ ਸਰਕਾਰ ਨੂੰ ਦੋ ਵਾਰ ਮੰਗ-ਪੱਤਰ ਦੇਣ ਅਤੇ ਹਲਕਾ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ ਅਤੇ ਹਲਕਾ ਇੰਚਾਰਜ ਕੁਲਜੀਤ ਸਿੰਘ ਸਰਹਾਲ ਨੂੰ ਮਿਲਕੇ ਇਲਾਕੇ ਦੀਆਂ ਭਾਵਨਾਵਾਂ ਤੋਂ ਜਾਣੂ ਕਰਾਉਣ ਦੇ ਬਾਵਜੂਦ ਪੰਜਾਬ ਸਰਕਾਰ ਵੱਲੋਂ ਤੋੜਿਆ ਗਿਆ ਬਲਾਕ ਅਜੇ ਤੱਕ ਮੁੜ-ਬਹਾਲ ਨਹੀਂ ਕੀਤਾ ਗਿਆ। ਹਲਕਾ ਵਿਧਾਇਕ (ਬੰਗਾ) ਅਤੇ ਸਕੱਤਰ ਪੰਚਾਇਤ ਵਿਭਾਗ ਵੱਲੋਂ ਬਾਕਾਇਦਾ ਨੋਟੀਫੀਕੇਸ਼ਨ ਜਾਰੀ ਕਰਕੇ ਬਲਾਕ ਦਾ ਕੰਮਕਾਰ ਇੱਥੋਂ ਹੀ ਚੱਲਦਾ ਰੱਖਣ ਦੇ ਵਾਅਦੇ ਵੀ ਝੂਠੇ ਸਾਬਤ ਹੋਏ ਹਨ। ਸੱਤਾ ਦੇ ਗ਼ਰੂਰ 'ਚ ਮਦਹੋਸ਼ ਸਰਕਾਰ ਵੱਲੋਂ ਇਲਾਕੇ ਦੇ ਲੋਕਾਂ ਦੀਆਂ ਜ਼ਰੂਰਤਾਂ ਅਤੇ ਭਾਵਨਾਵਾਂ ਨੂੰ ਟਿੱਚ ਸਮਝਣ ਦੇ ਮੱਦੇਨਜ਼ਰ ਸੰਘਰਸ਼ ਕਮੇਟੀ ਅਤੇ ਲੋਕਾਂ ਕੋਲ ਸੰਘਰਸ਼ ਨੂੰ ਤਿੱਖਾ ਕਰਨ ਤੋਂ ਸਿਵਾਏ ਹੋਰ ਕੋਈ ਚਾਰਾ ਨਹੀਂ ਹੈ ਅਤੇ ਕਮੇਟੀ ਨੇ 25 ਨਵੰਬਰ ਨੂੰ ਔੜ ਵਿਖੇ ਵਿਸ਼ਾਲ ਲੋਕ ਤਾਕਤ ਲਾਮਬੰਦ ਕਰਕੇ ਚੱਕਾ ਜਾਮ ਕਰਨ ਦਾ ਫ਼ੈਸਲਾ ਲਿਆ ਹੈ। ਕਮੇਟੀ ਨੇ ਇਹ ਵੀ ਫ਼ੈਸਲਾ ਕੀਤਾ ਹੈ ਕਿ ਸੱਤਾਧਾਰੀ ਪਾਰਟੀ ਤੇ ਵਿਰੋਧੀ-ਧਿਰ ਦੇ ਵਿਧਾਇਕਾਂ ਸਮੇਤ ਸਾਰੀਆਂ ਰਾਜਨੀਤਕ ਪਾਰਟੀਆਂ ਦੇ ਹਲਕਾ ਇੰਚਾਰਜਾਂ ਤੇ ਹੋਰ ਸੀਨੀਅਰ ਆਗੂਆਂ ਨੂੰ ਮਿਲਕੇ ਬਲਾਕ ਨੂੰ ਬਚਾਉਣ ਲਈ ਲੋਕ-ਸੰਘਰਸ਼ ਦਾ ਸਾਥ ਦੇਣ ਦੀ ਅਪੀਲ ਕੀਤੀ ਜਾਵੇਗੀ ਅਤੇ ਅਜਿਹਾ ਨਾ ਕਰਨ ਦੀ ਸੂਰਤ ਆਉਣ ਵਾਲੇ ਦਿਨਾਂ ਵਿਚ ਲੋਕ-ਰੋਹ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ ਦੀ ਚੇਤਾਵਨੀ ਦਿੱਤੀ ਜਾਵੇਗੀ। ਬਲਾਕ ਦੇ ਪਿੰਡਾਂ ਵਿਚ ਮੁਹਿੰਮ ਚਲਾਕੇ ਵਿਸ਼ਾਲ ਧਰਨੇ ਦੀ ਤਿਆਰੀ ਕੀਤੀ ਜਾਵੇਗੀ ਅਤੇ ਵੋਟਰਾਂ ਨੂੰ ਟਿੱਚ ਸਮਝਣ ਵਾਲੀ ਸਰਕਾਰ ਨੂੰ ਬਲਾਕ ਨੂੰ ਤੋੜਨ ਦਾ ਤਾਨਾਸ਼ਾਹ ਫ਼ੁਰਮਾਨ ਵਾਪਸ ਲੈਣ ਲਈ ਮਜਬੂਰ ਕੀਤਾ ਜਾਵੇਗਾ। ਸੰਘਰਸ਼ ਓਦੋਂ ਤੱਕ ਜਾਰੀ ਰੱਖਿਆ ਜਾਵੇਗਾ ਜਦੋਂ ਤੱਕ ਪੰਚਾਇਤਾਂ ਤੇ ਆਮ ਲੋਕਾਂ ਦੀਆਂ ਸਮੱਸਿਆਵਾਂ ਨੂੰ ਮੁੱਖ ਰੱਖਦਿਆਂ ਬਲਾਕ ਨੂੰ ਤੋੜਨ ਦਾ ਫ਼ੈਸਲਾ ਰੱਦ ਨਹੀਂ ਕੀਤਾ ਜਾਂਦਾ ਅਤੇ ਬਲਾਕ ਨੂੰ ਮੁੜ ਬਹਾਲ ਨਹੀਂ ਕੀਤਾ ਜਾਂਦਾ। ਮੀਟਿੰਗ ਵਿਚ ਪ੍ਰਵੀਨ ਬੰਗਾ, ਕਮਲਜੀਤ ਕੰਵਰ ਗੜ੍ਹੀ, ਰਾਜ ਕੁਮਾਰ ਮਾਹਲ ਖ਼ੁਰਦ, ਰਾਮ ਜੀ ਦਾਸ ਖੜਕੂਵਾਲ, ਰੂਪ ਲਾਲ ਧੀਰ, ਸਰਪੰਚ ਕਮਲਜੀਤ ਔੜ, ਸਰਪੰਚ ਮਨਜੀਤ ਸਿੰਘ ਅੜਕ ਚਾਹਲ ਖ਼ੁਰਦ,, ਸਰਪੰਚ ਨਿੰਦਰਪਾਲ ਮਾਈਦਿੱਤਾ, ਭੁਪਿੰਦਰ ਸਿੰਘ ਗਿੱਲ, ਸੁਖਵਿੰਦਰ ਸਿੰਘ ਧਾਵਾ, ਸਾਜਨ ਔੜ, ਕ੍ਰਿਸ਼ਨ ਲਾਲ ਬੇਗੋਵਾਲ, ਬੂਟਾ ਸਿੰਘ ਮਹਿਮੂਦਪੁਰ, ਜਗਤਾਰ ਸਿੰਘ ਅਤੇ ਸ਼ਮਿੰਦਰ ਸਿੰਘ ਹਾਜ਼ਰ ਸਨ।

जवाहर लाल नेहरू विश्वविद्यालय
JNU Student Union Election 2025
वाम एकता की शानदार जीत




# ਲਿਵਾਸਾ ਹਸਪਤਾਲ, ਹੁਸ਼ਿਆਰਪੁਰ ਨੇ ਖੇਤਰ ਵਿਚ ਰੀਨਲ ਕੇਅਰ ਨੂੰ ਹੋਰ ਮਜ਼ਬੂਤ ਕੀਤਾ !

"Equality and justice"
Patiala 07 November
INTERNATIONAL PAPER, 94636 01616
hardipchumber57@gmail.com




ਹੁਸ਼ਿਆਰਪੁਰ, 7 ਨਵੰਬਰ ( ਤਰਸੇਮ ਦੀਵਾਨਾ ) - ਲਿਵਾਸਾ ਹਸਪਤਾਲ, ਹੁਸ਼ਿਆਰਪੁਰ ਨੇ ਕਿਡਨੀ ਅਤੇ ਪ੍ਰੋਸਟੇਟ ਬਿਮਾਰੀਆਂ ਲਈ ਉੱਚ-ਸਤਰੀ ਇਲਾਜ ਸਹੂਲਤਾਂ ਸ਼ੁਰੂ ਕਰਕੇ ਆਪਣੀਆਂ ਕਿਡਨੀ ਕੇਅਰ ਸੇਵਾਵਾਂ ਨੂੰ ਹੋਰ ਮਜ਼ਬੂਤ ਕੀਤਾ ਹੈ। ਹਸਪਤਾਲ ਵੱਲੋਂ ਇੱਕ ਪ੍ਰੈਸ ਕਾਨਫਰੰਸ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਪ੍ਰਮੁੱਖ ਵਿਸ਼ੇਸ਼ਗਿਆਨਾਂ ਨੇ ਕਿਡਨੀ ਨਾਲ ਸੰਬੰਧਿਤ ਬਿਮਾਰੀਆਂ ਦੇ ਆਧੁਨਿਕ ਇਲਾਜ ਅਤੇ ਪ੍ਰਬੰਧਨ ਬਾਰੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਕਨਸਲਟੈਂਟ ਯੂਰੋਲਾਜਿਸਟ ਡਾ ਸ਼ੇਖਰ ਬਾਵੇਜਾ ਨੇ ਭਾਰਤ ਵਿੱਚ ਕਿਡਨੀ ਪੱਥਰੀ ਅਤੇ ਪ੍ਰੋਸਟੇਟ ਸਮੱਸਿਆਵਾਂ ਦੇ ਵੱਧ ਰਹੇ ਮਾਮਲਿਆਂ ਬਾਰੇ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਇਹ ਸਮੱਸਿਆਵਾਂ 25 ਤੋਂ 60 ਸਾਲ ਦੀ ਉਮਰ ਦੇ ਵਿਅਕਤੀਆਂ ਵਿੱਚ ਤੇਜ਼ੀ ਨਾਲ ਆਮ ਹੋ ਰਹੀਆਂ ਹਨ, ਜਿਸ ਦਾ ਮੁੱਖ ਕਾਰਨ ਜੀਵਨਸ਼ੈਲੀ, ਘੱਟ ਪਾਣੀ ਪੀਣਾ ਅਤੇ ਖਾਣ-ਪੀਣ ਦੀਆਂ ਗਲਤ ਆਦਤਾਂ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਪਿਛਲੇ ਦਹਾਕੇ ਵਿੱਚ ਭਾਰਤ ਵਿੱਚ ਕਿਡਨੀ ਅਤੇ ਪੱਥਰੀ ਦੇ ਮਾਮਲੇ ਲਗਾਤਾਰ ਵੱਧ ਰਹੇ ਹਨ। ਡਾ. ਬਾਵੇਜਾ ਨੇ ਹਸਪਤਾਲ ਵਿੱਚ ਉਪਲਬਧ ਥੁਲਿਅਮ ਫਾਈਬਰ ਲੇਜ਼ਰ ਤਕਨੀਕ ਬਾਰੇ ਵੀ ਜਾਣਕਾਰੀ ਦਿੱਤੀ, ਜੋ ਕਿ ਕਿਡਨੀ ਪੱਥਰੀ ਅਤੇ ਪ੍ਰੋਸਟੇਟ ਗਲੈਂਡ ਦੇ ਵੱਧਣ ਦਾ ਇਲਾਜ ਸੁਰੱਖਿਅਤ, ਤੇਜ਼ ਅਤੇ ਮਿਨਿਮਲੀ ਇਨਵੇਸਿਵ ਢੰਗ ਨਾਲ ਕਰਨ ਦਾ ਵਿਕਲਪ ਪ੍ਰਦਾਨ ਕਰਦੀ ਹੈ। ਕਨਸਲਟੈਂਟ ਨੇਫਰੋਲਾਜਿਸਟ ਡਾ.ਆਕਾਸ਼ ਸਰਕਾਰ ਨੇ ਕ੍ਰੋਨਿਕ ਕਿਡਨੀ ਡਿਜ਼ੀਜ਼ (CKD) ਦੇ ਵੱਧ ਰਹੇ ਬੋਝ ਅਤੇ ਮੂਤਰ ਵਿੱਚ ਪ੍ਰੋਟੀਨ ਘਟਣ ਵਰਗੀਆਂ ਸਥਿਤੀਆਂ ਬਾਰੇ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਭਾਰਤ ਵਿੱਚ CKD ਦੇ ਮਾਮਲੇ ਮੁੱਖ ਤੌਰ 'ਤੇ ਸ਼ੂਗਰ, ਬਲੱਡ ਪ੍ਰੈਸ਼ਰ ਅਤੇ ਦੇਰ ਨਾਲ ਪਤਾ ਲੱਗਣ ਕਾਰਨ ਵਧ ਰਹੇ ਹਨ। ਉਨ੍ਹਾਂ ਨੇ ਸਮੇਂ 'ਤੇ ਜਾਂਚ, ਸਾਵਧਾਨੀ ਅਤੇ ਜੀਵਨਸ਼ੈਲੀ ਪ੍ਰਬੰਧਨ ਦੀ ਮਹੱਤਤਾ ਉਤੇ ਜ਼ੋਰ ਦਿੱਤਾ। ਡਾ. ਸਰਕਾਰ ਨੇ ਇਹ ਵੀ ਦੱਸਿਆ ਕਿ ਲਿਵਾਸਾ ਹਸਪਤਾਲ ਵੱਲੋਂ ਵਿਆਪਕ ਡਾਇਲਿਸਿਸ ਸੇਵਾਵਾਂ ਅਤੇ ਉਨੱਤ ਨੇਫਰੋਲਾਜੀ ਦੇਖਭਾਲ ਪ੍ਰਦਾਨ ਕੀਤੀ ਜਾਂਦੀ ਹੈ, ਜਿਸ ਨਾਲ ਮਰੀਜ਼ਾਂ ਨੂੰ ਇੱਕ ਹੀ ਛੱਤ ਹੇਠ ਪੂਰੀ ਕਿਡਨੀ ਸਹਾਇਤਾ ਮਿਲਦੀ ਹੈ। ਲਿਵਾਸਾ ਹਸਪਤਾਲ ਦੇ ਸੀਈਉ ਅਨੁਰਾਗ ਯਾਦਵ ਨੇ ਕਿਹਾ ਕਿ ਸਾਨੂੰ ਲਿਵਾਸਾ ਹਸਪਤਾਲ, ਹੁਸ਼ਿਆਰਪੁਰ ਨੂੰ ਇਸ ਖੇਤਰ ਵਿੱਚ ਉੱਚ-ਸਤਰੀ ਕਿਡਨੀ ਅਤੇ ਯੂਰੋਲੋਜੀ ਦੇਖਭਾਲ ਦਾ ਅਗੂਆ ਕੇਂਦਰ ਬਣਦਾ ਦੇਖ ਕੇ ਮਾਣ ਮਹਿਸੂਸ ਹੁੰਦਾ ਹੈ। ਉਹਨਾਂ ਕਿਹਾ ਕਿ ਸਾਡਾ ਉਦੇਸ਼ ਹੈ ਕਿ ਮਰੀਜ਼ਾਂ ਨੂੰ ਲੰਮੀ ਯਾਤਰਾ ਦੇ ਝੰਜਟ ਤੋਂ ਬਿਨਾਂ, ਉਨ੍ਹਾਂ ਦੇ ਘਰ ਦੇ ਨੇੜੇ ਵਿਸ਼ਵ-ਮਾਨਕ ਇਲਾਜ ਮਿਲੇ।ਲਿਵਾਸਾ ਹਸਪਤਾਲ, ਹੁਸ਼ਿਆਰਪੁਰ ਦੇ ਉਪਾਧ੍ਰਕਯਸ਼ (ਓਪਰੇਸ਼ਨ) ਸ਼੍ਰੀ ਅਭਿਨਵ ਸ਼੍ਰੀਵਾਸਤਵ ਨੇ ਕਿਹਾ:

ਹੁਣ ਹੁਸ਼ਿਆਰਪੁਰ ਅਤੇ ਨੇੜਲੇ ਜ਼ਿਲ੍ਹਿਆਂ ਦੇ ਮਰੀਜ਼ਾਂ ਨੂੰ ਐਡਵਾਂਸਡ ਕਿਡਨੀ ਜਾਂ ਪ੍ਰੋਸਟੇਟ ਇਲਾਜ ਲਈ ਲੁਧਿਆਣਾ ਜਾਂ ਚੰਡੀਗੜ੍ਹ ਜਾਣ ਦੀ ਲੋੜ ਨਹੀਂ। ਇਹ ਸਾਰੀਆਂ ਆਧੁਨਿਕ ਸਹੂਲਤਾਂ ਹੁਣ ਲਿਵਾਸਾ ਹਸਪਤਾਲ ਵਿੱਚ ਵਾਜਬ ਕੀਮਤਾਂ 'ਤੇ ਉਪਲਬਧ ਹਨ। ਉਹਨਾਂ ਕਿਹਾ ਕਿ ਸਾਡਾ ਲਕਸ਼ ਹੈ ਗੁਣਵੱਤਾ ਇੱਕੋ ਸਮੇਂ ਉਪਲਬਧ ਅਤੇ ਪਹੁੰਚਯੋਗ ਬਣਾਉਣਾ। ਲਿਵਾਸਾ ਹਸਪਤਾਲ, ਹੁਸ਼ਿਆਰਪੁਰ, ਲਿਵਾਸਾ ਹਸਪਤਾਲ ਚੇਨ ਦਾ ਹਿੱਸਾ ਹੈ, ਜੋ ਨੈਦਾਨਿਕ ਉਤਕ੍ਰਿਸ਼ਟਤਾ, ਆਧੁਨਿਕ ਬੁਨਿਆਦੀ ਢਾਂਚੇ ਅਤੇ ਮਰੀਜ਼-ਕੇਂਦ੍ਰਿਤ ਦੇਖਭਾਲ ਲਈ ਪ੍ਰਸਿੱਧ ਹੈ। ਇਹ ਸਮੂਹ ਉੱਤਰੀ ਭਾਰਤ ਵਿੱਚ ਆਪਣੇ ਮਲਟੀਸਪੀਸ਼ਲਿਟੀ ਹਸਪਤਾਲ ਨੈੱਟਵਰਕ ਰਾਹੀਂ ਸੁਲਭ, ਉੱਚ-ਸਤਰੀ ਅਤੇ ਦਇਆਪੂਰਨ ਸਿਹਤ ਸੇਵਾਵਾਂ ਨੂੰ ਮਜ਼ਬੂਤ ਕਰ ਰਿਹਾ ਹੈ।

# ਭਾਈ ਕੁੱਕੂ ਨੂੰ ਸਦਮਾ ਜੀਜਾ ਤੇਜਿੰਦਰ ਸਿੰਘ ਗਿੱਲ ਸਵਰਗਵਾਸ : ਢੋਸੀਵਾਲ

"Equality and justice"
Patiala 07 November
INTERNATIONAL PAPER, 9463601616
hardipchumber57@gmail.com



